ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030323
Available online at: www.armaan.org.in
DOI: https://doi.org/10.64119/armaan.vol.3.issue3.23

# ਦਲਿਤ ਤੇ ਦਮਿਤ ਚੇਤਨਾ ਦਾ ਅੰਤਰ-ਸੰਵਾਦ: ਭੁੱਬਲ ਦੀ ਅੱਗ

# DALIT TE DAMIT CHETANA DA ANTAR-SAMVAD: BHUBAL DI AAG

**ਡਾ. ਹਰਜਿੰਦਰ ਸਿੰਘ** (Dr. Harjinder Singh)
**ਸਹਾਇਕ ਪ੍ਰੋਫੈਸਰ** (Assistant Professor)
**ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ (ਹਿ.ਪ੍ਰ.)**

**ਗੁਰਜਿੰਦਰ ਕੌਰ** (Gurjinder Kaur)
**ਖੋਜਾਰਥਣ** (Research Scholar)
**ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਜਲੰਧਰ (ਪੰਜਾਬ)**

Email ID: hjsgcm1980@gmail.com **ਮੋਬਾਈਲ**: +91-94638-35412

**ਸਾਰ (Abstract)**

*ਨਾਟਕ 'ਭੁੱਬਲ ਦੀ ਅੱਗ' ਅਜੋਕੇ ਪੰਜਾਬੀ ਸਮਾਜਚਾਰੇ ਅਤੇ ਅਰਥਚਾਰੇ ਨੂੰ ਚੇਤਨੀ-ਅਵਚੇਤਨੀ ਪੱਧਰ ਤੋਂ ਸਮਝਣ/ਸਮਝਾਉਣ ਲਈ ਕਈ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰਦਾ ਹੈ। ਇਨ੍ਹਾਂ ਅੰਤਰ-ਦ੍ਰਿਸ਼ਟੀਆਂ ਦੀ ਨਿਸ਼ਾਨਦੇਹੀ ਕਰਕੇ ਪੰਜਾਬੀ ਸਮਾਜ-ਸਭਿਆਚਰ ਦੀਆਂ ਮਹੀਣ ਤੇ ਜਟਿਲ–ਸੰਰਚਨਾਵਾਂ ਨੂੰ ਉਨ੍ਹਾਂ ਦੇ ਅਵਚੇਤਨੀ ਵਿਵੇਕ ਸਮੇਤ ਗ੍ਰਹਿਣ ਕਰਨ ਲਈ ਇਹ ਖੋਜ-ਪੱਤਰ ਅੰਤਰ-ਅਨੁਸ਼ਾਸਨੀ ਖੋਜ-ਵਿਧੀ ਨੂੰ ਅੰਗੀਕਾਰ ਕਰਦਾ ਹੈ। ਇਹ ਨਾਟਕ ਪੰਜਾਬ ਦੇ ਪੇਂਡੂ ਸਮਾਜ-ਸਭਿਆਚਾਰ ਨੂੰ ਦਰਪੇਸ਼ ਸੰਕਟਾਂ ਨਾਲ ਦੋ-ਚਾਰ ਹੁੰਦੇ ਦਲਿਤ ਖੇਤ-ਮਜ਼ਦੂਰਾਂ ਅਤੇ ਬੇ-ਜ਼ਮੀਨੇ ਤੇ ਨਿਮਨ-ਕਿਸਾਨਾਂ ਵਿਚ ਜਮਾਤੀ ਚੇਤਨਾ ਦੇ ਪੱਧਰ 'ਤੇ ਅੰਤਰ-ਸੰਵਾਦ ਸਿਰਜਣ ਦਾ ਰਾਹ-ਦਸੇਰਾ ਬਣਦਾ ਹੈ। ਇਸ ਅੰਤਰ-ਸੰਵਾਦ ਨੂੰ ਅਜੋਕੇ ਸਮੇਂ ਦੀ ਅਹਿਮ ਲੋੜ ਵਜੋਂ ਰਜਿਸਟਰ ਕਰਦਾ ਹੋਇਆ ਇਹ ਨਾਟਕ ਇਸ ਨੂੰ ਪੰਜਾਬ ਦੇ ਦਲਿਤ ਤੇ ਦਮਿਤ ਵਰਗਾਂ ਦੀ ਸਮਾਜਿਕ ਤੇ ਆਰਥਿਕ ਖੁਸ਼ਹਾਲੀ ਦਾ ਮੁੱਖ ਸੂਤਰ ਗਰਦਾਨਦਾ ਹੈ। ਪੇਂਡੂ ਦਲਿਤ ਅਤੇ ਦਮਿਤ ਵਰਗ ਆਰਥਿਕ ਤੇ ਸਮਾਜਿਕ ਪੱਧਰ 'ਤੇ ਇਕੋ ਪ੍ਰੋਲੇਤਾਰੀ ਜਮਾਤ ਦੇ ਅੰਗ ਹੋਣ ਦੇ ਬਾਵਜੂਦ ਜਮਾਤੀ ਚੇਤਨਾ ਦੀ ਘਾਟ ਹੋਣ ਕਰਕੇ ਆਪਣੇ ਸਾਂਝੇ ਹਿੱਤਾਂ ਦੀ ਪੂਰਤੀ ਲਈ ਕੋਈ ਸਾਂਝਾ ਜਮਾਤੀ ਸੰਘਰਸ਼ ਲੜਨ ਤੋਂ ਮਹਿਰੂਮ ਰਹਿੰਦੇ ਹਨ। ਦੂਜੇ ਪਾਸੇ ਬੁਰਜ਼ਵਾ ਜਮਾਤ ਦੇ ਅੰਗ ਬਣੇ ਹੋਏ ਧਨੀ ਕਿਸਾਨ, ਪੂੰਜੀਪਤੀ ਆੜ੍ਹਤੀਏ, ਰਾਜਨੀਤਕ ਲੀਡਰ ਅਤੇ ਭ੍ਰਿਸ਼ਟ ਅਫ਼ਸਰ ਆਪਣੇ ਸਿਆਸੀ ਗਠਜੋੜ ਤਹਿਤ ਕੂਟਨੀਤਿਕ ਚਾਲਾਂ ਚੱਲ ਕੇ ਪ੍ਰੋਲੇਤਾਰੀ ਜਮਾਤ ਨੂੰ ਜਾਤ ਆਧਾਰਿਤ ਵੰਡੀਆਂ ਵਿਚ ਵੰਡ ਕੇ ਉਨ੍ਹਾਂ ਵਿਚਲੀ ਜਮਾਤੀ-ਚੇਤਨਾ ਦੀ ਤੇਜ ਧਾਰ ਨੂੰ ਖੁੰਢਾ ਕਰੀ ਰੱਖਦੇ ਹਨ। ਇਹ ਪ੍ਰੋਲੇਤਾਰੀ ਜਮਾਤ ਨੂੰ ਦਰਪੇਸ਼ ਸੰਕਟਾਂ/ਦੁਸ਼ਵਾਰੀਆਂ ਦੀ ਸਿਰਜਕ ਬੁਰਜ਼ਵਾ ਜਮਾਤ ਦੀ ਪਛਾਣ ਕਰਨ ਦੀ ਨਾ-ਕੇਵਲ ਸੋਝੀ ਪ੍ਰਦਾਨ ਕਰਦਾ ਹੈ ਸਗੋਂ ਇਸ ਜਮਾਤ ਦੇ ਸਿਆਸੀ ਗੱਠਜੋੜ ਨੂੰ ਖੰਡਿਤ ਕਰਨ ਲਈ ਕੋਈ ਸਾਂਝਾ ਤੇ ਜਥੇਬੰਦਕ ਜਮਾਤੀ ਸੰਘਰਸ਼ ਲੜਨ ਲਈ ਵੀ ਪ੍ਰੇਰਤ ਕਰਦਾ ਹੈ। ਇਸ ਸਾਂਝੇ ਤੇ ਜਥੇਬੰਦਕ ਜਮਾਤੀ ਸੰਘਰਸ਼ ਲਈ ਦਲਿਤ ਤੇ ਦਮਿਤ ਵਰਗਾਂ ਵਿਚਲੀ ਜਮਾਤੀ ਚੇਤਨਾ ਦੇ ਅੰਤਰ-ਸੰਵਾਦ ਨੂੰ ਮੁੱਖ-ਸੂਤਰ ਵਜੋਂ ਅੰਗੀਕਾਰ ਕਰਨਾ ਹੀ ਪ੍ਰੋਲੇਤਾਰੀ ਜਮਾਤ ਦੇ ਸਮਾਜ-ਸਭਿਆਚਾਰਕ ਉਥਾਨ ਦਾ ਮੰਤਰ ਬਣ ਸਕਦਾ ਹੈ।*

***ਕੀਵਰਡ (Keyword): ਦਲਿਤ-ਚੇਤਨਾ, ਦਮਿਤ-ਚੇਤਨਾ, ਜਮਾਤੀ-ਚੇਤਨਾ, ਸਮਾਜ-ਸਭਿਆਚਾਰ, ਸਮਾਜਚਾਰਾ, ਅਰਥਚਾਰਾ, ਪ੍ਰੋਲੇਤਾਰੀ-ਜਮਾਤ, ਬੁਰਜਵਾ-ਜਮਾਤ, ਧਨੀ-ਕਿਸਾਨੀ, ਨਿਮਨ-ਕਿਸਾਨੀ, ਸਭਿਆਚਾਰਕ-ਇਨਕਲਾਬ।***

'ਭੁੱਬਲ ਦੀ ਅੱਗ' ਸਮਕਾਲੀ ਪੰਜਾਬੀ ਨਾਟਕਕਾਰ ਤੇ ਚਿੰਤਕ ਡਾ. ਕੁਲਦੀਪ ਸਿੰਘ ਦੀਪ ਦਾ ਦਲਿਤ ਤੇ ਦਮਿਤ ਵਰਗਾਂ ਦੇ ਵਿਭਿੰਨ ਮਸਲਿਆਂ ਨੂੰ ਪ੍ਰਸਤੁਤ ਕਰਦਾ ਬਹੁ-ਪਰਤੀ ਤੇ ਬਹੁ-ਅਰਥੀ ਨਾਟਕ ਹੈ। ਇਹ ਨਾਟਕ ਦਲਿਤ ਤੇ ਦਮਿਤ ਚੇਤਨਾ ਵਿਚ ਅੰਤਰ-ਸੰਵਾਦ ਸਿਰਜਦਾ ਹੋਇਆ ਦਲਿਤ ਤੇ ਦਮਿਤ ਵਰਗਾਂ ਵਿਚ ਉਨ੍ਹਾਂ ਦੀਆਂ ਜ਼ਰਜਰ ਹੋਈਆਂ ਆਰਥਿਕ ਤੇ ਸਮਾਜ-ਸਭਿਆਚਾਰਕ ਸਥਿੱਤੀਆਂ ਪ੍ਰਤੀ ਉਤਪਨ ਹੋ ਰਹੀ ਜਮਾਤੀ ਚੇਤਨਾ ਨੂੰ 'ਭੁੱਬਲ ਦੀ ਅੱਗ' ਦੇ ਚਿਹਨ ਰਾਹੀਂ ਪ੍ਰਸਤੁਤ ਕਰਦਾ ਹੈ। ਭੁੱਬਲ ਦੀ ਇਹ ਅੱਗ ਆਰਥਿਕ ਤੇ ਸਮਾਜ-ਸਭਿਆਚਾਰਕ ਅਸਾਵੀਂ ਵੰਡ ਦੇ ਪ੍ਰਤਿਰੋਧ ਵਜੋਂ ਦਲਿਤ ਤੇ ਦਮਿਤ ਵਰਗਾਂ ਦੇ ਧੁਰ-ਅੰਦਰ ਸਦੀਆਂ ਤੋਂ ਧੁਖਦੀ ਤੇ ਮਘਦੀ ਆ ਰਹੀ ਹੈ। ਕੁਲਦੀਪ ਸਿੰਘ ਦੀਪ ਅਨੁਸਾਰ-

> *ਨਾਟਕ 'ਭੁੱਬਲ ਦੀ ਅੱਗ' ਸਾਡੇ ਸਮਾਜ ਦੀਆਂ ਡੂੰਘੀਆਂ ਤਹਿਆਂ ਵਿਚ ਧੁਖ ਰਹੀ ਉਸ ਅੱਗ ਦਾ ਸਿਰਜਣਾਤਮਕ ਪ੍ਰਗਟਾਅ ਹੈ ਜੋ ਉੱਪਰੋਂ ਦੇਖਣ ਨੂੰ ਭੁੱਬਲ ਵਾਂਗ ਬੁਝੀ ਹੋਈ ਹੈ ਪਰ ਜਿਸ ਦੇ ਅੰਦਰ ਭਾਂਬੜ ਬਣਨ ਦੀ ਪੂਰੀ-ਪੂਰੀ ਸਮਰੱਥਾ ਹੈ। ਆਰਥਿਕ ਅਸਾਵੇਂਪਣ ਅਤੇ ਸਮਾਜਿਕ ਅਸਾਵੇਂਪਣ ਦੇ ਦਵੰਦ ਵਿਚੋਂ ਇਸ 'ਭੁੱਬਲ ਦੀ ਅੱਗ' ਦਾ ਸਮੁੱਚਾ ਕਾਰਜ*

*ਉਸਰਦਾ ਹੈ।*[1]

ਨਾਟਕ ਦਾ ਕੇਂਦਰੀ ਸਰੋਕਾਰ ਇਸ 'ਭੁੱਬਲ ਦੀ ਅੱਗ' ਦਾ ਭਵਿੱਖ ਵਿਚ ਭਾਂਬੜ ਬਣ ਕੇ ਮੱਚਣ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਣ ਵਿਚ ਨਾ-ਕੇਵਲ ਨਿਹਿਤ ਹੈ ਸਗੋਂ ਮੌਜੂਦਾ ਵਿਡੰਬਣਾਕਾਰੀ ਸਥਿਤੀਆਂ ਦੇ ਯਥਾਰਥਕ ਵਿਵੇਕ ਨੂੰ ਉਸ ਦੇ ਸਾਰ ਸਹਿਤ ਪੇਸ਼ ਕਰਨ ਵਿਚ ਵੀ ਹੈ।

ਸਮਕਾਲੀ ਦੌਰ ਵਿਚ ਪੰਜਾਬ ਦੇ ਪੇਂਡੂ ਸਮਾਜਚਾਰੇ ਅਤੇ ਅਰਥਚਾਰੇ ਵਿਚ ਧਨਾਢ ਕਿਸਾਨਾਂ, ਭ੍ਰਿਸ਼ਟ ਅਫ਼ਸਰਾਂ ਤੇ ਰਾਜਨੀਤਿਕ ਲੀਡਰਾਂ ਦੇ ਹੋਏ ਸਿਆਸੀ ਗੱਠਜੋੜ ਨੇ ਸੱਤਾ 'ਤੇ ਕਾਬਜ ਰਹਿਣ ਲਈ ਦਲਿਤ ਅਤੇ ਦਮਿਤ ਵਰਗਾਂ ਵਿਚ ਜ਼ਾਤ ਨੂੰ ਅਧਾਰ ਬਣਾ ਕੇ ਦਵੈਤ ਪੈਦਾ ਕਰ ਦਿੱਤੀ ਹੈ। ਇਸ ਦਵੈਤ ਦਾ ਅਸਰ ਇਹ ਹੋਇਆ ਹੈ ਕਿ ਦਲਿਤ (ਖੇਤ ਮਜ਼ਦੂਰ) ਅਤੇ ਦਮਿਤ (ਨਿਮਨ ਕਿਸਾਨ) ਵਰਗ ਜਮਾਤੀ ਪੱਧਰ 'ਤੇ ਆਪਣੇ ਹੱਕਾਂ ਦੀ ਪ੍ਰਾਪਤੀ ਹਿੱਤ ਨਾ-ਕੇਵਲ ਕੋਈ ਜਥੇਬੰਦਕ ਸੰਘਰਸ਼ ਲੜਨ ਤੋਂ ਅਸਮਰੱਥ ਹੋ ਗਏ ਸਗੋਂ ਜ਼ਾਤ ਅਧਾਰਤ ਵੰਡੀਆਂ ਕਾਰਨ ਭਾਈਚਾਰਕ ਤੌਰ 'ਤੇ ਵੀ ਖੇਰੂੰ-ਖੇਰੂੰ ਹੋ ਕੇ ਧਨਾਢ ਕਿਸਾਨਾਂ ਤੇ ਰਾਜਨੀਤਿਕ ਲੀਡਰਾਂ ਦੇ ਹੱਥਠੋਕੇ ਬਣ ਕੇ ਰਹਿ ਗਏ ਹਨ। ਅਸਲ ਵਿਚ

*"ਜਿਹੜਾ ਵਰਗ ਤਾਕਤ ਵਿਚ ਹੁੰਦਾ ਹੈ, ਆਪਣੇ ਰਾਜਨੀਤਕ ਅਤੇ ਆਰਥਿਕ ਬਲ ਨਾਲ ਦੂਜੇ ਵਰਗਾਂ ਨੂੰ ਉਨ੍ਹਾਂ ਦੇ ਦ੍ਰਿਸ਼ਟੀਕੋਣਾਂ ਅਤੇ ਵਿਚਾਰਧਾਰਾਵਾਂ ਸਮੇਤ ਦਬਾ ਲੈਂਦਾ ਹੈ। ਆਪਣੀ ਵਿਚਾਰਧਾਰਾ ਸਥਾਪਿਤ ਕਰ ਲੈਂਦਾ ਹੈ।"* [2]

ਅਜਿਹੀ ਗੁੰਝਲਦਾਰ ਸਥਿੱਤੀ ਵਿਚ ਅਧੀਨ ਵਰਗ ਜਮਾਤੀ ਪੱਥਰ 'ਤੇ ਆਪਣੀ ਵਿਰੋਧੀ ਜਮਾਤ ਦੀ ਪਛਾਣ ਕਰਨ ਦੀ ਬਜਾਏ ਜਾਤ ਅਧਾਰਿਤ ਵੰਡੀਆਂ ਦੇ ਮੱਕੜਜਾਲ ਵਿਚ ਉਲਝੇ ਆਪਣੇ ਜਮਾਤੀ ਭਾਈਵਾਲਾਂ ਨੂੰ ਹੀ ਆਪਣੇ ਵਿਰੋਧੀ ਸਮਝਣ ਲੱਗ ਜਾਂਦੇ ਹਨ। ਇਸ ਨਾਟਕ ਦੀ ਕੇਂਦਰੀ ਸਮੱਸਿਆ ਵੀ ਇਹੀ ਹੈ। ਇਸ ਪ੍ਰਸੰਗ ਵਿਚ ਡਾ. ਸਤੀਸ਼ ਕੁਮਾਰ ਵਰਮਾ ਲਿਖਦਾ ਹੈ ਕਿ,

*ਅਸਲ ਵਿਚ ਇਹ ਨਾਟਕ ਸਾਡੇ ਸਮਾਜਿਕ ਤੇ ਆਰਥਿਕ ਢਾਂਚੇ ਦੇ ਉਸ ਮੂਲ ਮੁੱਦੇ ਨੂੰ ਛੇੜਦਾ ਹੈ ਜਿੱਥੇ ਵੰਡੀਆਂ ਤਾਂ 'ਜਾਤ ਅਧਾਰਿਤ' ਨਹੀਂ 'ਜਮਾਤ' ਅਧਾਰਿਤ ਹਨ ਪਰੰਤੂ ਸੱਤਾ ਇਸ ਨੂੰ 'ਜਾਤ ਅਧਾਰਿਤ' ਰੱਖ ਕੇ ਤੇ 'ਜਾਤ ਅਧਾਰਿਤ' ਦਰਸਾ ਕੇ ਇਸ ਦੇ ਜਮਾਤੀ ਖਾਸੇ ਨੂੰ ਸਮਝਣ ਤੋਂ ਅਵਾਮ ਨੂੰ ਦੂਰ ਰੱਖਣਾ ਚਾਹੁੰਦੀ ਹੈ।* [3]

ਇਹੋ ਵਜ੍ਹਾ ਹੈ ਕਿ ਦਲਿਤ ਤੇ ਦਮਿਤ ਵਰਗਾਂ ਨਾਲ ਸੰਬੰਧਿਤ ਬਹੁ-ਸੰਖਿਆ ਲੋਕ ਮੁੱਠੀਭਰ ਧਨਾਢ ਕਿਸਾਨਾਂ ਤੇ ਰਾਜਨੀਤਿਕ ਲੀਡਰਾਂ ਦੀਆਂ ਕੂਟਨੀਤਿਕ ਚਾਲਾਂ ਵਿਚ ਉਲਝ ਕੇ ਆਪਸ ਵਿਚ ਜਾਤਾਂ ਦੇ ਅਧਾਰ 'ਤੇ ਨਾ-ਕੇਵਲ ਵੰਡੇ ਜਾਂਦੇ ਹਨ ਸਗੋਂ ਆਪਣੇ ਹੀ ਹੱਕਾਂ ਦੀ ਪਛਾਣ ਅਤੇ ਪ੍ਰਾਪਤੀ ਤੋਂ ਵੀ ਵਾਂਝੇ ਰਹਿ ਜਾਂਦੇ ਹਨ।

'ਭੁੱਬਲ ਦੀ ਅੱਗ' ਨਾਟਕ ਦਲਿਤ ਅਤੇ ਦਮਿਤ ਵਰਗਾਂ ਵਿਚਲੀ ਜਮਾਤੀ ਏਕਤਾ ਨੂੰ ਖੰਡਿਤ ਕਰਨ ਲਈ ਸੱਤਾਧਾਰੀ ਧਿਰ ਵੱਲੋਂ ਸਿਰਜੇ ਗਏ ਸੱਤਾ ਪ੍ਰਵਚਨਾਂ ਦੀਆਂ ਪਰਤਾਂ ਤੇ ਪਾਸਾਰਾਂ ਨੂੰ ਨਾ-ਕੇਵਲ ਡੀਕੋਡ ਕਰਦਾ ਹੈ ਸਗੋਂ ਦਲਿਤ ਅਤੇ ਦਮਿਤ ਵਰਗਾਂ ਵਿਚ ਜਮਾਤੀ ਚੇਤਨਾ ਦੇ ਪੱਧਰ 'ਤੇ ਪੈਦਾ ਹੋ ਰਹੇ ਅੰਤਰ-ਸੰਵਾਦ ਦੀਆਂ ਸੰਭਾਵਨਾਵਾਂ ਨੂੰ ਵੀ ਤਲਾਸ਼ਦਾ ਹੈ। ਕਥਾਨਕ ਦੀ ਦ੍ਰਿਸ਼ਟੀ ਤੋਂ ਨਾਟਕ ਵਿਚਲੇ ਨਾਟ-ਵੇਰਵੇ ਵੀਹਵੀਂ ਸਦੀ ਦੇ ਅਖੀਰਲੇ ਅਤੇ ਇੱਕੀਵੀਂ ਸਦੀ ਦੇ ਮੁੱਢਲੇ ਪੇਂਡੂ-ਪੰਜਾਬ ਦੀਆਂ ਯਥਾਰਥਕ ਸੱਥਿਤੀਆਂ ਦਾ ਨਾਟ-ਰੂਪਾਂਤਰਣ ਨਜ਼ਰ ਆਉਂਦੇ ਹਨ। ਨਾਟ-ਕਥਾ ਦੀਆਂ ਪਰਤਾਂ ਅਤੇ ਪਾਸਾਰਾਂ ਨੂੰ ਕਲਾਤਮਿਕ ਅਭਿਵਿਅਕਤੀ ਦੇਣ ਲਈ ਅਤੇ ਨਾਟਕੀ ਟੱਕਰ ਪੈਦਾ ਕਰਨ ਲਈ ਸਾਰੇ ਪਾਤਰਾਂ ਨੂੰ ਦੋ ਧਿਰਾਂ (ਅਸਲ ਵਿਚ ਜਮਾਤਾਂ) ਵਿਚ ਵੰਡਿਆ ਗਿਆ ਹੈ। ਇਕ ਦਲਿਤ ਤੇ ਦਮਿਤ ਪਾਤਰਾਂ ਦੀ ਸ਼ੋਸ਼ਿਤ ਧਿਰ (ਪ੍ਰੋਲੇਤਾਰੀ ਜਮਾਤ) ਹੈ ਅਤੇ ਦੂਜੀ ਧਨਾਢ ਕਿਸਾਨਾਂ, ਪੂੰਜੀਪਤੀ ਰਾਜਨੀਤਿਕ ਲੀਡਰਾਂ ਤੇ ਭ੍ਰਿਸ਼ਟ ਅਫ਼ਸਰਾਂ ਦੀ ਸ਼ੋਸ਼ਕ ਧਿਰ (ਬੁਰਜਵਾ ਜਮਾਤ) ਹੈ। ਸ਼ੋਸ਼ਕ ਧਿਰ ਸਦੀਆਂ ਤੋਂ ਸਿਰਜੇ ਸੱਤਾ ਪ੍ਰਵਚਨਾਂ ਅਨੁਰੂਪ ਦਲਿਤ ਤੇ ਦਮਿਤ ਵਰਗ ਦਾ ਸਮਾਜਿਕ ਤੇ ਆਰਥਿਕ ਸ਼ੋਸ਼ਣ ਕਰਨਾ ਚਾਹੁੰਦੀ ਹੈ ਪਰੰਤੂ ਦੂਜੇ ਪਾਸੇ ਇਤਿਹਾਸਕ ਵਿਕਾਸ ਪ੍ਰਕਿਰਿਆ ਦੌਰਾਨ ਦਲਿਤ ਤੇ ਦਮਿਤ ਵਰਗਾਂ ਵਿਚ ਪੈਦਾ ਹੋਈ ਸਮਾਜਿਕ ਤੇ ਆਰਥਿਕ ਚੇਤਨਾ ਕਾਰਨ ਇਹ ਧਿਰ ਸ਼ੋਸ਼ਕ ਧਿਰ ਵਿਰੁੱਧ ਜਮਾਤੀ ਪੱਧਰ 'ਤੇ ਸੰਗਠਿਤ ਹੋ ਰਹੀ ਹੈ। ਭੂਤਕਾਲ 'ਤੇ ਨਜ਼ਰਸਾਨੀ ਕਰੀਏ ਤਾਂ ਬੋਧ ਹੁੰਦਾ ਹੈ ਕਿ,

*"ਪਿੰਡ ਦੀਆਂ ਕੰਮੀ-ਕਮੀਣ ਜਾਤੀਆਂ ਦੀ ਸ਼ਖ਼ਸੀਅਤ ਨੂੰ ਕਾਬਜ਼ ਜਮਾਤਾਂ ਦੀ ਸੰਸਕ੍ਰਿਤੀ ਨੇ ਇਸ ਭਾਂਤ ਕਾਬੂ ਕੀਤਾ ਹੋਇਆ ਸੀ ਕਿ ਉਹ ਆਪਣੀ ਹਰੇਕ ਮੁਸੀਬਤ ਦਾ ਕਾਰਣ 'ਰੱਬ', 'ਕਿਸਮਤ', ਜਾਂ 'ਪਿਛਲੇ ਜਨਮ ਦੇ ਕਰਮਾਂ' ਦੇ ਗਲ਼ ਮੜ੍ਹ ਦਿੰਦੀਆਂ ਸਨ। ਦੂਸਰੇ ਪਾਸੇ ਤੋਂ ਉਹ ਇਸ ਸੰਸਾਰ ਉੱਤਲੇ ਜੀਵਨ ਤੋਂ ਇਸ ਕਦਰ ਨਿਰਾਸ਼ ਸਨ ਕਿ ਜੀਉਣ ਨਾਲੋਂ ਮੌਤ ਨੂੰ ਤਰਜੀਹ ਦਿੰਦੀਆਂ ਸਨ। ਪਰ ਜਿਵੇਂ-ਜਿਵੇਂ ਪੂੰਜੀਵਾਦੀ ਸੰਸਕ੍ਰਿਤੀ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ, ਉਨ੍ਹਾਂ ਦੀ ਚੇਤਨਾ ਵੀ ਸੰਸਾਰ ਨਾਲ ਜੁੜਦੀ ਜਾ ਰਹੀ ਹੈ ਅਤੇ ਉਹ ਆਪਣੇ ਅਧਿਕਾਰਾਂ ਪ੍ਰਤਿ ਚੇਤੰਨ ਹੁੰਦੇ ਜਾ ਰਹੇ ਹਨ, ਜਿਸ ਦੇ ਸਿੱਟੇ ਵਜੋਂ ਉਨ੍ਹਾਂ ਨੂੰ ਆਪਣੇ ਵੈਰੀਆਂ ਦੀ ਪਛਾਣ ਆਉਂਦੀ*

*ਜਾ ਰਹੀ ਹੈ ਜਿਨ੍ਹਾਂ ਨਾਲ ਸਿਝਣ ਲਈ ਉਹ ਉਤਸੁਕ ਨਜ਼ਰ ਆਉਂਦੇ ਹਨ।"*[4]

ਇਸੇ ਉਤਉਕਤਾ ਨੂੰ ਹਥਲਾ ਨਾਟਕ 'ਭੁਬੱਲ ਦੀ ਅੱਗ' ਦੇ ਚਿਹਨ ਰਾਹੀਂ ਵਿਅਕਤ ਕਰਨ ਦੇ ਆਹਰ ਵਿਚ ਹੈ।

ਪੂੰਜੀਵਾਦੀ ਸਭਿਆਚਾਰ ਦੇ ਪ੍ਰਭਾਵ ਤਹਿਤ ਦਲਿਤ ਤੇ ਦਮਿਤ ਵਰਗਾਂ ਵੱਲੋਂ ਜਮਾਤੀ ਪੱਧਰ 'ਤੇ ਸੰਗਠਿਤ ਹੋਣਾ ਸ਼ੋਸ਼ਕ ਧਿਰ ਲਈ ਵੰਗਾਰ ਬਣ ਰਿਹਾ ਹੈ। ਇਸ ਲਈ ਸ਼ੋਸ਼ਕ ਧਿਰ ਦਲਿਤ ਤੇ ਦਮਿਤ ਵਰਗਾਂ ਵਿਚ ਜਮਾਤੀ ਪੱਧਰ 'ਤੇ ਪੈਦਾ ਹੁੰਦੀ ਚੇਤਨਾ ਨੂੰ ਖੰਡਿਤ ਕਰਕੇ ਉਸ ਨੂੰ ਜਾਤੀ ਚੇਤਨਾ ਦਾ ਰੰਗ ਦੇਣ ਲਈ ਉਨ੍ਹਾਂ ਨੂੰ ਜ਼ਾਤ ਦੇ ਆਧਾਰ 'ਤੇ ਵੰਡ ਕੇ ਰੱਖਣਾ ਚਾਹੁੰਦੀ ਹੈ ਤਾਂ ਕਿ ਉਸਦੀ ਸੱਤਾ ਅਤੇ ਸਮਾਜ 'ਤੇ ਪ੍ਰਭੂਸੱਤਾ ਬਣੀ ਰਹੇ। ਅਸਲ ਵਿਚ ਪੰਜਾਬ ਦਾ ਪੇਂਡੂ ਸਮਾਜ-ਸਭਿਆਚਾਰ ਮੂਲ ਰੂਪ ਵਿਚ ਸ੍ਰੇਣਿਕ ਖਾਸੇ ਵਾਲਾ ਹੀ ਹੈ ਪਰੰਤੂ ਇਸ ਨੂੰ ਜ਼ਾਤ-ਪਾਤੀ ਖਾਸੇ ਵਾਲਾ ਦਰਸਾ ਕੇ ਮੂਲ ਪ੍ਰਸ਼ਨਾਂ ਤੇ ਮੁੱਦਿਆਂ ਤੋਂ ਮੂੰਹ ਫੇਰ ਲਿਆ ਜਾਂਦਾ ਹੈ।

*"ਸ੍ਰੇਣਿਕ ਸਮਾਜ ਵਿਚਲੇ ਪੈਦਾਵਾਰੀ ਰਿਸ਼ਤੇ ਆਪਣੀ ਤਨਾਓ ਅਤੇ ਟਕਰਾਓ ਵਾਲੀ ਪ੍ਰਕ੍ਰਿਤੀ ਕਾਰਨ ਆਰਥਿਕ ਸੰਕਟ ਨੂੰ ਜਨਮ ਦਿੰਦੇ ਹਨ। ਇਹ ਆਰਥਕ ਸੰਕਟ ਅੱਗੇ ਜਾ ਕੇ ਸਭਿਆਚਾਰਕ ਸੰਕਟ ਦਾ ਆਧਾਰ ਪ੍ਰਸਤੁਤ ਕਰਦਾ ਹੈ। ਇਸ ਸਮਾਜ ਦੇ ਸਭਿਆਚਾਰ ਦਾ ਸੁਭਾਅ ਕਿਉਂਕਿ ਸ੍ਰੇਣਿਕ ਹੁੰਦਾ ਹੈ ਇਸ ਲਈ ਵਿਭਿੰਨ ਸ੍ਰੇਣੀਆਂ ਦੇ ਮੁੱਲ ਵਿਧਾਨਾਂ ਵਿਚ ਟੱਕਰ ਵਿਆਪਕ ਹੋ ਜਾਂਦੀ ਹੈ। ਇਹ ਟੱਕਰ ਵੀ ਨਿਰੰਤਰ ਵਧਦੀ ਜਾਂਦੀ ਹੈ ਅਤੇ ਸਿਖ਼ਰ ਸਥਿਤੀ ਉੱਤੇ ਪਹੁੰਚ ਕੇ ਡੂੰਘੇ ਸੰਕਟ ਨੂੰ ਉਤਪੰਨ ਕਰਦੀ ਹੈ।"*[5]

ਇਸ ਸੰਕਟ ਵਿਚੋਂ ਹੀ ਦਲਿਤ ਤੇ ਦਮਿਤ ਸ੍ਰੇਣੀਆਂ ਦੀਆਂ ਸਮਾਜ-ਸਭਿਆਚਾਰਕ ਸਮੱਸਿਆਵਾਂ ਤੇ ਸ਼ੋਸਣ ਦਾ ਸਿਲਸਿਲਾ ਆਰੰਭ ਹੁੰਦਾ ਹੈ।

*"ਧਨੀ ਕਿਸਾਨੀ ਜਗੀਰਦਾਰੀ ਦੇ ਨਵੇਂ ਮਾਡਲ ਵਿਚ ਢਲੀ ਹੋਈ ਨਿਮਨ ਕਿਸਾਨੀ ਦਾ ਨਾ-ਕੇਵਲ ਆਰਥਿਕ ਸ਼ੋਸ਼ਣ ਕਰਦੀ ਹੈ ਸਗੋਂ ਉਸ ਦੀ ਕਿਰਦਾਰਕੁਸ਼ੀ ਵੀ ਕਰਦੀ ਹੈ। ਇਸ ਵਿਚ ਉਨ੍ਹਾਂ ਨੂੰ ਪੱਲਿਓਂ ਪੈਸੇ ਦੇ ਕੇ ਸ਼ਰਾਬਾਂ, ਭੁਕੜ ਅਤੇ ਅਫ਼ੀਮਾਂ ਵਰਗੇ ਨਸ਼ਿਆਂ ਦੀ ਚਾਟ 'ਤੇ ਲਾਉਣਾ, ਉਨ੍ਹਾਂ ਦੇ ਬੱਚਿਆਂ ਦੇ ਵਿਆਹਾਂ 'ਤੇ ਬੇਤਹਾਸ਼ਾ ਖਰਚ ਕਰਨ ਲਈ ਪ੍ਰੇਰਿਤ ਕਰਨਾ ਆਦਿ ਗੱਲਾਂ ਵੀ ਸ਼ਾਮਿਲ ਹਨ। ਅੱਜ ਦੀਆਂ ਫਿਲਮਾਂ ਤੇ ਗੀਤਾਂ ਵਿਚ ਪ੍ਰਸਤੁਤ ਜੱਟ ਨਿਮਨ ਕਿਸਾਨੀ ਦਾ ਪ੍ਰਤੀਰੂਪ ਨਹੀਂ ਬਲਕਿ ਨਿਮਨ ਕਿਸਾਨ ਦੀ ਜੀਵਨ-ਜਾਚ ਨੂੰ ਜਾਤੀ ਦੇ ਨਾਂ 'ਤੇ ਫੂਕ ਛਕਾ ਕੇ ਵਿਗਾੜਨ ਵਾਲੇ 'ਮੁੱਠੀ ਭਰ' ਜੱਟਾਂ ਦਾ ਪ੍ਰਤੀਰੂਪ ਹੈ।"*[6]

ਅਜਿਹੀ ਗੁੰਝਲਦਾਰ ਸਮਾਜ-ਸਭਿਆਚਾਰ ਵਿਵਸਥਾ ਦੀਆਂ ਪਰਤਾਂ ਨੂੰ ਅਵਚੇਤਨੀ ਧਰਾਤਲ ਤੋਂ ਸਮਝਣ ਲਈ ਜਿੱਥੇ ਇਸ ਨਾਟਕ ਨੂੰ ਸਭਿਆਚਾਰਕ ਪਾਠ (Cultural-Text) ਵਜੋਂ ਗ੍ਰਹਿਣ ਕਰਕੇ ਇਸ ਦਾ ਗਹਿਣ ਅਧਿਐਨ ਕਰਨਾ ਬਣਦਾ ਹੈ। ਉੱਥੇ ਨਾਟ-ਵਿਧਾ ਦੀ ਸਮਾਜ-ਸਭਿਆਚਾਰਕ ਭੂਮਿਕਾ ਦੀ ਪਛਾਣ ਕਰਨੀ ਵੀ ਲਾਜ਼ਮੀ ਹੈ। ਨਾਟ ਵਿਧਾ ਨੂੰ ਕਿਸੇ ਸਮਾਜ ਦੇ ਸਭਿਆਚਾਰਕ ਅਵਚੇਤਨ ਦੀਆਂ ਪਰਤਾਂ ਅਤੇ ਪਾਸਾਰਾਂ ਦੇ ਕਲਾਤਮਿਕ ਪ੍ਰਗਟਾਅ ਦੇ ਨਾਲ-ਨਾਲ ਸਭਿਆਚਾਰਕ ਨੇਮਾਂ ਦੇ ਸਮਝ ਮਾਡਲ ਵਜੋਂ ਦੇਖਦੇ ਹੋਏ ਪਾਲੀ ਭੁਪਿੰਦਰ ਸਿੰਘ ਲਿਖਦਾ ਹੈ ਕਿ,

*ਅਸੀਂ ਨਾਟਕ ਨੂੰ ਪੜ੍ਹਦੇ ਬੇਸ਼ਕ ਭਾਸ਼ਾਈ ਨੇਮਾਂ ਅਨੁਸਾਰ ਹਾਂ ਪਰ ਵੇਖਦੇ ਅਤੇ ਸਮਝਦੇ ਸਭਿਆਚਾਰਕ ਨੇਮਾਂ ਅਨੁਸਾਰ ਹਾਂ।*[7]

ਇਸ ਤਰ੍ਹਾਂ ਕਿਸੇ ਵੀ ਸਮਾਜ-ਸਭਿਆਚਾਰ ਦੇ ਚੇਤਨ-ਅਵਚੇਤਨ ਵਿਚ ਕਾਰਜਸ਼ੀਲ ਨੇਮਾਂ ਅਤੇ ਪੈਟਰਨਾਂ ਨੂੰ ਗਹਿਣਤਾ ਨਾਲ ਸਮਝਣ ਲਈ ਨਾਟਕ ਵਰਗੀ ਦੂਹਰੇ ਪਿੰਡੇ ਵਾਲੀ ਸਾਹਿਤ-ਵਿਧਾ ਨੂੰ ਸਭਿਆਚਾਰਕ-ਪਾਠ ਵਜੋਂ ਗ੍ਰਹਿਣ ਕਰਕੇ ਮਹੱਤਵਪੂਰਨ ਸਿੱਟਿਆਂ ਤੱਕ ਪਹੁੰਚਿਆ ਜਾ ਸਕਦਾ ਹੈ।

'ਭੁਬੱਲ ਦੀ ਅੱਗ' ਨਾਟਕ ਨੌਜਵਾਨ ਦਲਿਤ ਪਾਤਰ 'ਕੀਪੇ' ਦੇ ਜੀਵਨ ਵੇਰਵਿਆਂ ਰਾਹੀਂ ਵਰਤਮਾਨ ਸਮੇਂ 'ਚੋਂ ਸ਼ੁਰੂ ਹੋ ਕੇ ਭੂਤਕਾਲ ਵਿਚ ਫੈਲਦਾ ਹੈ। ਨਾਟ-ਕਥਾ ਅਨੁਸਾਰ ਵਰਤਮਾਨ ਵਿਚ 'ਕੀਪਾ' ਦਲਿਤ-ਕਿਸਾਨ ਮੋਰਚੇ ਦੇ ਆਗੂ ਵਜੋਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਕੀਤੇ ਜਾ ਰਹੇ ਸੰਘਰਸ਼ (ਧਰਨਾ ਪ੍ਰਦਰਸ਼ਣ) ਦੌਰਾਨ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਵਿਚ ਗੰਭੀਰ ਜ਼ਖ਼ਮੀ ਹੋਇਆ ਹਸਪਤਾਲ ਦੇ ਬੈੱਡ 'ਤੇ ਪਿਆ ਹੈ। ਪੱਤਰਕਾਰ ਵੱਲੋਂ ਜਦੋਂ ਕੀਪੇ ਨੂੰ ਇਹ ਸਵਾਲ ਪੁੱਛਿਆ ਜਾਂਦਾ ਹੈ ਕਿ ਇਹ ਵਧੀਕੀਆਂ ਦਾ ਸਿਲਸਿਲਾ ਤੁਹਾਡੇ ਨਾਲ ਕਦੋਂ ਸ਼ੁਰੂ ਹੋਇਆ ਹੈ? ਤਾਂ ਕੀਪਾ ਉਸਦਾ ਜਵਾਬ ਦੇਣ ਲਈ ਚੇਤਨਾ ਦੇ ਪੱਧਰ 'ਤੇ ਭੂਤਕਾਲ ਵੱਲ ਪਰਤਦਾ ਹੈ। ਇਹ ਨਾਟਕ ਚੇਤਨਾ ਪ੍ਰਵਾਹ ਦੀ ਵਿਧੀ ਦਾ ਧਾਰਨੀ ਬਣਦਾ ਹੋਇਆ ਉੱਥੋਂ ਸ਼ੁਰੂ ਹੁੰਦਾ ਹੈ ਜਿੱਥੇ 'ਕੀਪਾ' ਅੱਠਾਂ ਸਾਲਾਂ ਵਿਚ ਪੰਜ ਜਮਾਤਾਂ ਪਾਸ ਕਰਨ ਤੋਂ ਬਾਅਦ ਪਹਿਲੇ ਦਿਨ ਪਿੰਡ ਦੇ ਵੱਡੇ ਸਕੂਲ ਵਿਚ ਪੜ੍ਹਨ ਲਈ ਜਾਂਦਾ ਹੈ। 'ਕੀਪਾ' ਪੰਜਾਬ ਦੇ ਪੇਂਡੂ ਸਮਾਜਚਾਰੇ ਵਿਚ ਰਹਿ ਰਹੇ ਗ਼ਰੀਬ ਤੇ ਦਲਿਤ ਖੇਤ-ਮਜ਼ਦੂਰ ਪਰਿਵਾਰਾਂ ਦੇ ਬੱਚਿਆਂ ਦੀ ਨੁਮਾਇੰਦਗੀ ਕਰਦਾ ਹੈ। 'ਕੀਪੇ' ਨਾਲ ਬਚਪਨ ਤੋਂ ਲੈ ਕੇ ਜਵਾਨੀ ਤੱਕ ਜੋ ਕੁਝ ਵਾਪਰਦਾ ਹੈ, ਉਹ ਪੇਂਡੂ ਸਮਾਜਚਾਰੇ ਵਿਚ ਵਸਦੇ ਹਰ ਗ਼ਰੀਬ ਪਰਿਵਾਰ ਦੇ ਬੱਚੇ ਨਾਲ ਲੱਗਭਗ ਵਾਪਰਦਾ ਹੈ।

ਇਸ ਨਾਟਕ ਦਾ ਪਹਿਲਾ ਤੇ ਅਹਿਮ ਪਾਸਾਰ ਪੰਜਾਬ ਦੇ ਮੌਜੂਦਾ ਸਕੂਲੀ ਸਿੱਖਿਆ-ਪ੍ਰਬੰਧ ਨਾਲ ਜੁੜਿਆ ਹੋਇਆ ਹੈ। ਨਾਟਕ ਸੰਕੇਤ ਕਰਦਾ ਹੈ ਕਿ 'ਕੀਪੇ' ਦੇ ਅੱਠ ਸਾਲਾਂ ਵਿਚ ਪੰਜ ਜਮਾਤਾਂ ਪਾਸ ਕਰਨ ਪਿੱਛੇ 'ਕੀਪੇ' ਦਾ ਦੋਸ਼ ਨਹੀਂ ਸਗੋਂ ਪੰਜਾਬ ਦੇ ਸਿੱਖਿਆ-ਪ੍ਰਬੰਧ ਦਾ ਦੋਸ਼ ਹੈ। ਸਿੱਖਿਆ ਪ੍ਰਬੰਧਕਾਂ ਦੁਆਰਾ ਤਿਆਰ ਕਰਵਾਏ ਗਏ ਪਾਠਕ੍ਰਮ ਤੇ ਇਨ੍ਹਾਂ ਪਾਠਕ੍ਰਮਾਂ ਨੂੰ ਬਣਾਉਣ ਵਾਲੇ ਬਹੁਤੇ ਸਿੱਖਿਆ ਸ਼ਾਸਤਰੀ ਜ਼ਮੀਨੀ ਹਕੀਕਤਾਂ ਤੋਂ ਜਾਣੂ ਨਹੀਂ ਹੁੰਦੇ। ਇਸੇ ਕਰਕੇ ਇਨ੍ਹਾਂ ਪਾਠਕ੍ਰਮਾਂ ਨੂੰ ਪੜ੍ਹਾਉਣ ਲਈ ਵਰਤੀਆਂ ਜਾਂਦੀਆਂ ਵਿਧੀਆਂ ਤੇ ਮਾਡਲ ਪੰਜਾਬ ਦੇ ਪੇਂਡੂ ਸਮਾਜ ਵਿਚ ਵਸਣ ਵਾਲੇ ਬੱਚਿਆਂ/ਵਿਦਿਆਰਥੀਆਂ ਲਈ ਬਹੁਤੇ ਮਦਦਗਾਰ ਸਾਬਿਤ ਨਹੀਂ ਹੁੰਦੇ। ਨਾਟਕ ਇਸ ਮੁੱਦੇ ਨੂੰ ਗੰਭੀਰਤਾ ਨਾਲ ਉਭਾਰਦਾ ਹੈ ਕਿ ਪੰਜਾਬ ਦੇ ਪਿੰਡਾਂ ਵਿਚ ਵਸਦੇ ਗ਼ਰੀਬ ਤੇ ਅਨਪੜ੍ਹ ਮਾਪੇ ਅਤੇ ਉਨ੍ਹਾਂ ਦੇ ਬੱਚੇ ਆਪਣੇ ਵਿਵਹਾਰਕ ਜੀਵਨ ਵਿਚ ਅਜਿਹੀ ਲੋਕ ਭਾਸ਼ਾਈ (ਉੱਪ-ਭਾਸ਼ਾਈ) ਸ਼ਬਦਾਵਲੀ ਦੀ ਵਰਤੋਂ ਕਰਦੇ ਹਨ ਜਿਸ ਦੇ ਸੰਕਲਪਾਂ ਨੂੰ ਉਹ ਭਲੀਭਾਂਤ ਸਮਝਦੇ ਹਨ ਪ੍ਰੰਤੂ ਸਿੱਖਿਆ ਪ੍ਰਬੰਧ ਵੱਲੋਂ ਮੁੱਢਲੀ ਸਿੱਖਿਆ ਲਈ ਤਿਆਰ ਕਰਵਾਈਆਂ ਜਾਂਦੀਆਂ ਪੁਸਤਕਾਂ ਵਿਚ ਟਕਸਾਲੀ ਭਾਸ਼ਾ ਦੇ ਨਾਂ 'ਤੇ ਅਜਿਹੇ ਸ਼ਬਦਾਂ ਤੇ ਸੰਕਲਪਾਂ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਮੁੱਢਲੀ ਸਿੱਖਿਆ ਗ੍ਰਹਿਣ ਕਰਨ ਵਾਲੇ ਪੇਂਡੂ-ਗ਼ਰੀਬ ਵਿਦਿਆਰਥੀਆਂ ਲਈ ਨਾ-ਕੇਵਲ ਉਲਝਣ ਪੈਦਾ ਕਰਦੇ ਹਨ ਸਗੋਂ ਉਨ੍ਹਾਂ ਦਾ ਸਿੱਖਿਆ ਪ੍ਰਤੀ ਮੋਹ ਵੀ ਭੰਗ ਕਰਦੇ ਹਨ। ਇਹ ਦਵੰਧਾਤਮਕ ਸਥਿੱਤੀ ਉਨ੍ਹਾਂ ਵਿਦਿਆਰਥੀਆਂ ਲਈ ਹੋਰ ਵੀ ਗੰਭੀਰ ਰੂਪ ਧਾਰ ਲੈਂਦੀ ਹੈ ਜਿਨ੍ਹਾਂ ਦੇ ਮਾਪੇ ਗ਼ਰੀਬ ਅਤੇ ਅਨਪੜ੍ਹ ਹੁੰਦੇ ਹਨ। ਅਜਿਹੀ ਹੀ ਸਥਿੱਤੀ ਵਿਚ ਉਲਝਿਆ ਹਥਲੇ ਨਾਟਕ ਦਾ ਪਾਤਰ 'ਕੀਪਾ' ਹੈ। ਉਹ ਆਪਣੀ ਮੁੱਢਲੀ ਸਿੱਖਿਆ ਵੇਲੇ ਦੀਆਂ ਉਲਝਣਾਂ ਨੂੰ ਬਿਆਨ ਕਰਦਾ ਹੋਇਆ ਪੰਜਾਬ ਦੀ ਮੁੱਢਲੀ ਸਿੱਖਿਆ ਦੇ ਯਥਾਰਥਕ ਵੇਰਵਿਆਂ ਨੂੰ ਇਉਂ ਪ੍ਰਸਤੁਤ ਕਰਦਾ ਹੈ:

*ਸੂਤਰਧਾਰ (ਕੀਪਾ): ...ਪਹਿਲੇ ਦਿਨ ਤੋਂ ਹੀ ਮੇਰੀ ਛਿੱਤਰ ਪਰੇਡ ਉਦੋਂ ਸ਼ੁਰੂ ਹੋ ਗਈ ਜਦੋਂ ਮੈਂ 'ਊੜਾ-ਊਠ' ਤੇ 'ਊੜਾ-ਬੋਤਾ' ਦਾ ਫਰਕ ਨਾ ਸਮਝ*

*ਸਕਿਆ...ਮੈਥੋਂ 'ਚੱਚਾ-ਚਾਕੂ' ਨਾ ਬੋਲਿਆ ਜਾਂਦਾ ਬਲਕਿ 'ਚੱਚਾ-ਕਾਚੂ' ਬੋਲਿਆ ਜਾਂਦਾ...ਕੈਦੇ 'ਤੇ ਖਰਗੋਸ਼ ਦੀ ਮੂਰਤ ਦੇਖ ਕੇ ਮੈ 'ਖੱਖਾ-ਖਰਗੋਸ਼' ਕਹਿਣ ਦੀ ਥਾਂ 'ਖੱਖਾ-ਸਹਾ' ਕਹਿ ਦਿੰਦਾ ਤੇ ਟੂਟੀ ਦੀ ਫੋਟੋ ਦੇਖ ਕੇ ਮੇਰੇ ਮੂੰਹੋਂ 'ਨੰਨਾ ਨਲਕਾ' ਨਿਕਲਣ ਦੀ ਬਜਾਇ 'ਨੰਨਾ-ਟੂਟੀ' ਬਦੋਬਦੀ ਨਿਕਲ ਜਾਂਦਾ...ਮੈਨੂੰ 'ਘੱਘਾ-ਘੜਾ' ਵੀਹ ਵਾਰ ਕਹਿਣ 'ਤੇ ਵੀ ਯਾਦ ਨਾ ਰਹਿੰਦਾ ਤੇ ਮੈਂ ਛਿੱਤਰ ਖਾਣ ਤੋਂ ਬਾਅਦ ਵੀ 'ਘੱਘਾ-ਤੌੜਾ' ਹੀ ਕਹਿੰਦਾ...ਇਉਂ ਊਠਾਂ ਤੇ ਬੋਤਿਆਂ, ਕਾਚੂਆਂ ਤੇ ਚਾਕੂਆਂ, ਨਲਕਿਆਂ ਤੇ ਟੂਟੀਆਂ ਅਤੇ ਘੜਿਆਂ ਤੇ ਤੌੜਿਆਂ ਦਾ ਫ਼ਰਕ ਸਮਝਦੇ-ਸਮਝਦੇ ਮੇਰੇ ਕਈ ਸਾਲ ਲੰਘ ਗਏ...ਰੁਲਦੇ-ਖੁਲ੍ਹਦੇ ਅੱਠ ਸਾਲਾਂ 'ਚ , ਪੰਜ ਜਮਾਤਾਂ ਪਾਸ ਕਰਕੇ ਮੈਂ ਪਿੰਡ ਆਲ਼ੇ ਵੱਡੇ ਸਕੂਲ ਵਿਚ ਛੇਵੀਂ ਜਮਾਤ ਵਿਚ ਪਹਿਲੇ ਦਿਨ ਸਕੂਲ ਗਿਆ।* [8]

ਇਉਂ ਪੰਜਾਬ ਦੇ ਪਿੰਡਾਂ ਵਿਚਲੇ ਵਿਦਿਆਰਥੀਆਂ ਲਈ ਜਿੱਥੇ ਮੁੱਢਲੀ ਸਿੱਖਿਆ ਗ੍ਰਹਿਣ ਕਰਨਾ ਦਵੰਧਾਤਮਕ ਪ੍ਰਕਿਰਿਆ ਵਜੋਂ ਦ੍ਰਿਸ਼ਟੀਗੋਚਰ ਹੁੰਦਾ ਹੈ ਉੱਥੇ ਪਿੰਡਾਂ ਵਿਚ ਵਸਦੇ ਪੇਂਡੂ ਖੇਤ-ਮਜ਼ਦੂਰ ਪਰਿਵਾਰਾਂ ਦੇ ਬੱਚਿਆਂ ਲਈ ਇਹ ਹੋਰ ਵੀ ਚੁਣੌਤੀਪੂਰਨ ਕਾਰਜ ਬਣ ਜਾਂਦਾ ਹੈ। ਦਲਿਤ ਵਰਗ ਨਾਲ ਸੰਬੰਧਿਤ ਵਿਦਿਆਰਥੀਆਂ ਲਈ ਸ਼ਬਦਾਂ-ਸੰਕਲਪਾਂ-ਚਿੱਤਰਾਂ ਵਿਚਲਾ ਅੰਤਰ-ਵਿਰੋਧ ਹੀ ਭੰਬਲਭੂਸਾ ਪੈਦਾ ਨਹੀਂ ਕਰਦਾ ਸਗੋਂ ਪੇਂਡੂ ਸਮਾਜਚਾਰੇ ਵਿਚ ਅਖੌਤੀ ਉੱਚ ਜਾਤੀਆਂ ਦੇ ਕੁਝ ਲੋਕਾਂ ਤੇ ਘੜੰਮ-ਚੌਧਰੀਆਂ ਵੱਲੋਂ ਉਨ੍ਹਾਂ ਨਾਲ ਜਾਤ ਅਧਾਰਿਤ ਵਿਤਕਰਾ ਵੀ ਕੀਤਾ ਜਾਂਦਾ ਹੈ। ਇਸ ਵਿਤਕਰੇ ਜ਼ਰੀਏ ਦਲਿਤ ਵਿਦਿਆਰਥੀਆਂ ਦੀ ਸਿੱਖਣ ਯੋਗਤਾ ਤੇ ਪੜ੍ਹਨ ਸਮਰੱਥਾ ਦੀ ਧਾਰ ਨੂੰ ਖੁੰਡਾ ਕਰਕੇ ਉਨ੍ਹਾਂ ਨੂੰ ਖੇਤ ਮਜ਼ਦੂਰ ਤੇ ਗ਼ੁਲਾਮ ਬਣਾਈ ਰੱਖਣ ਦਾ ਪ੍ਰਪੰਚ ਤਿਆਰ ਕੀਤਾ ਜਾਂਦਾ ਹੈ।

*"ਵਿਭਿੰਨ ਜਮਾਤੀ-ਸਭਿਆਚਾਰਾਂ ਵਿਚ ਕਾਬਜ਼ ਲੋਟੂ ਵਰਗ ਵੱਲੋਂ ਲੋਕਾਈ ਉੱਤੇ ਵਿਵਹਾਰ ਦੇ ਅਣ-ਉਚਿਤ, ਗ਼ੈਰ-ਬਰਾਬਰ ਤੇ ਦਮਿਤ ਪੈਟਰਨ, ਕੀਮਤਾਂ ਤੇ ਪ੍ਰਤਿਮਾਨ ਲਾਗੂ ਕੀਤੇ/ ਕਰਵਾਏ ਜਾਂਦੇ ਹਨ ਤਾਂ ਕਿ ਉਹ ਆਗਿਆਕਾਰੀ, ਗ਼ੁਲਾਮ, ਡਰੂ, ਕਾਇਰ ਜਾਂ ਪਿੱਛਲੱਗ ਬਣੇ ਰਹਿਣ।"* [9]

ਇਸ ਤਰ੍ਹਾਂ ਕਰਨ ਨਾਲ ਜਿੱਥੇ ਅਖਾਉਤੀ ਉੱਚ ਜਾਤੀ ਧਨਾਢ ਕਿਸਾਨਾਂ ਤੇ ਪੂੰਜੀਪਤੀ ਵਰਗ ਨੂੰ ਸਸਤੇ ਮਜ਼ਦੂਰ ਮਿਲ ਜਾਂਦੇ ਹਨ ਉੱਥੇ ਉਨ੍ਹਾਂ ਦੀ ਦਲਿਤ ਭਾਈਚਾਰੇ 'ਤੇ ਸਰਦਾਰੀ (Hegemony) ਵੀ ਬਣੀ ਰਹਿੰਦੀ ਹੈ। ਇਸ ਸਰਦਾਰੀ ਨੂੰ ਬਣਾਈ ਰੱਖਣ ਲਈ ਜਿੱਥੇ ਉਹ 'ਘਾਈਆਂ ਦੇ ਪੁੱਤਾਂ ਨੇ ਘਾਹ ਹੀ ਖੋਤਣਾ ਹੈ' ਵਰਗੇ ਪ੍ਰਵਚਨ ਸਿਰਜਕੇ ਮਜ਼ਦੂਰ ਵਰਗ ਵਿਚ ਪ੍ਰਚਾਰ ਦਿੰਦੇ ਹਨ ਉੱਥੇ ਉਨ੍ਹਾਂ ਵਿਚ ਸਮਾਜ-ਸਭਿਆਚਾਰਕ ਹੀਣਤਾ ਭਰਨ ਲਈ ਉਨ੍ਹਾਂ ਨੂੰ ਉਨ੍ਹਾਂ ਦੇ ਗੌਰਵਸ਼ਾਲੀ ਇਤਿਹਾਸ ਤੋਂ ਨਿਖੇੜਨ ਲਈ, ਉਨ੍ਹਾਂ ਨੂੰ ਸਿੱਖਿਆ ਤੋਂ ਦੂਰ ਰੱਖਣ ਹਿੱਤ ਹਰ ਹਰਬਾ ਵਰਤਦੇ ਹਨ। ਇਹ ਵਰਤਾਰਾ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਤੱਕ ਹੀ ਮਹਿਦੂਦ ਨਹੀਂ ਰਹਿੰਦਾ ਸਗੋਂ ਸਿੱਖਿਆ ਸੰਸਥਾਵਾਂ ਵਿਚ ਵੀ ਵਾਪਰਦਾ ਹੈ। ਇਸ ਵਰਤਾਰੇ ਤਹਿਤ ਸਕੂਲਾਂ ਵਿਚ ਕੁਝ ਵਿਦਿਆਰਥੀ ਅਤੇ ਅਧਿਆਪਕ ਵੀ ਆਪਣੀ ਉੱਚ ਜਾਤੀ ਹਾਉਂ ਕਾਰਨ ਦਲਿਤ

ਵਿਦਿਆਰਥੀਆਂ ਨਾਲ ਜ਼ਾਤ ਅਧਾਰਿਤ ਵਿਤਕਰਾ ਕਰਦੇ ਹਨ ਅਤੇ ਉਨ੍ਹਾਂ ਦੀ ਗ਼ਰੀਬੀ ਦਾ ਮਜ਼ਾਕ ਵੀ ਉਡਾਉਂਦੇ ਹਨ। ਇਸ ਵਿਤਕਰੇ ਅਤੇ ਮਜ਼ਾਕ ਕਾਰਨ ਦਲਿਤ ਵਿਦਿਆਰਥੀ ਜਿੱਥੇ ਮਾਨਸਿਕ ਸੰਕਟ ਭੋਗਦੇ ਹਨ ਉੱਥੇ ਉਨ੍ਹਾਂ ਦਾ ਸਰੀਰਕ ਉਤਪੀੜਨ ਵੀ ਹੁੰਦਾ ਹੈ। ਇਸ ਨਾਟਕ ਵਿਚਲੇ ਨਾਟ-ਵੇਰਵਿਆਂ ਅਨੁਸਾਰ ਸਕੂਲ ਵਿਚ 'ਕੀਪੇ' ਨਾਲ ਨਾ-ਕੇਵਲ ਜ਼ੈਲਦਾਰ ਦਾ ਮੁੰਡਾ 'ਸੈਂਟੀ' ਤੇ ਉਸਦੇ ਸਾਥੀ ਜਾਤ ਅਧਾਰਿਤ ਵਿਤਕਰਾ ਕਰਦੇ ਹਨ ਤੇ ਉਸਦੀ ਗ਼ਰੀਬੀ ਦਾ ਮਜ਼ਾਕ ਉਡਾਉਂਦੇ ਹੋਏ ਉਸਦੀ ਰੁੱਖੀ-ਮਿੱਸੀ ਰੋਟੀ ਨੂੰ ਹਵਾ ਵਿਚ ਉਛਾਲਦੇ ਹੋਏ ਮਿੱਟੀ ਵਿਚ ਸੁੱਟਦੇ ਹਨ ਸਗੋਂ ਸਕੂਲ ਦਾ ਅਧਿਆਪਕ (ਡੀ.ਪੀ. ਈ.) ਵੀ ਉਸ ਨੂੰ ਜਾਤੀ-ਸੂਚਕ ਸ਼ਬਦਾਂ ਨਾਲ ਸੰਬੋਧਿਤ ਹੁੰਦਾ ਹੋਇਆ ਕੁਟਦਾ ਹੈ:

*ਮਾਸਟਰ : ਓਏ ਕੁੱਤਿਆ ਚਮਿਆਰਾ, ਤੇਰੀ ਇਹ ਜੁਰਅਤ ਕਿ ਤੂੰ ਜੈਲਦਾਰ ਦੇ ਮੁੰਡੇ ਦੇ ਥੱਪੜ ਮਾਰੇਂ ਤੇ ਨੰਬਰਦਾਰ ਦੇ ਮੁੰਡੇ ਦੇ ਦੰਦੀ ਵੱਢੇਂ ?*

*ਹਰਾਮੀਆਂ ਤੇਰੇ ਮੈਂ ਕਢਦਾਂ ਬਲ਼... ਮੇਰਾ ਸਾਲਾ ਕੁਜ਼ਾਤ ਨਾਲੇ ਮੈਨੂੰ ਮਰਵਾਊ, ਨਾਲੇ ਆਪ ਮਰੂ, ਜੇ ਇਨ੍ਹਾਂ ਦੇ ਪਿਊਆਂ ਨੂੰ ਪਤਾ ਲੱਗ ਗਿਆ ਮੈਨੂੰ ਬਾਡਰ ਦਿਖਾ ਦੇਣਗੇ (ਪਸ਼ੂਆਂ ਵਾਂਗ ਕੁੱਟਣ ਲੱਗ ਪੈਂਦਾ ਹੈ ਤੇ ਨਾਲ-ਨਾਲ ਬੋਲਦਾ ਜਾਂਦਾ ਹੈ) ਵਿਗੜਿਆਂ-ਤਿਗੜਿਆਂ ਦਾ ਡੰਡਾ ਹੀ ਪੀਰ ਹੁੰਦੈ।[10]*

ਜ਼ਾਹਿਰ ਹੈ, ਭਾਰਤੀ ਸਮਾਜ ਵਿਚ ਸਿਰਜੀ ਗਈ ਜਾਤ ਆਧਾਰਿਤ ਚੀੜ੍ਹੀ ਸੰਸਥਾ ਦੇ ਅੰਤਰਗਤ ਕੀਤੇ ਜਾਂਦੇ ਉਚ-ਨੀਚ ਦੇ ਵਿਤਕਰੇ, ਛੂਆ-ਛੂਤ ਤੇ ਰੰਗ-ਨਸਲ ਦੇ ਭੇਦਭਾਵ ਨੂੰ ਬਹੁਤੇ ਅਧਿਆਪਕ ਵੀ ਆਪਣੇ ਅੰਦਰੋਂ ਖ਼ਾਰਜ ਨਹੀਂ ਕਰ ਸਕੇ। ਇਹੋ ਕਾਰਨ ਹੈ ਕਿ ਉਹ ਆਪਣੇ ਕਿੱਤਾ ਮੁਖੀ ਧਰਮ ਨੂੰ ਨਿਭਾਉਣ ਦੀ ਬਜਾਇ ਜ਼ਾਤ ਆਧਾਰਿਤ ਉਚ-ਨੀਚ ਤੇ ਰੰਗ-ਨਸਲ ਦੇ ਭੇਦਭਾਵ ਵਿਚ ਉਲਝੇ ਹੋਏ ਹਨ। ਇਹੋ ਜਿਹੇ ਅਧਿਆਪਕਾਂ ਦੀ ਪ੍ਰਤੀਨਿਧਤਾ ਕਰਦਾ ਪਾਤਰ ਡੀ. ਪੀ. ਈ. ਹੈ। ਉਹ ਪਿੰਡ ਦੇ ਜੈਲਦਾਰ ਅਤੇ ਨੰਬਰਦਾਰ ਨਾਲ ਜਾਤ ਆਧਾਰਿਤ ਸਾਂਝ ਨੂੰ ਪਾਲਦਾ ਹੋਇਆ ਉਨ੍ਹਾਂ ਦੇ ਮਨਸੂਬਿਆਂ ਨੂੰ ਹਕੀਕਤ ਵਿਚ ਤਬਦੀਲ ਕਰਨ ਵਿਚ ਉਨ੍ਹਾਂ ਦਾ ਸਾਥ ਦਿੰਦਾ ਹੈ। ਜੈਲਦਾਰ ਤੇ ਨੰਬਰਦਾਰ ਸਕੂਲ ਵਿਚ ਹੋਈ 'ਕੀਪੇ' ਤੇ ਆਪਣੇ ਮੁੰਡਿਆਂ ਦੀ ਲੜਾਈ ਨੂੰ ਆਧਾਰ ਬਣਾ ਕੇ 'ਕੀਪੇ' ਨੂੰ ਸਕੂਲੋਂ ਹਟਾ ਕੇ ਆਪਣੇ ਪਸ਼ੂਆਂ ਲਈ ਪਾਲ਼ੀ ਲਾਉਣਾ ਚਾਹੁੰਦੇ ਹਨ। ਅਜਿਹਾ ਕਰਕੇ ਉਹ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡਣੇ ਚਾਹੁੰਦੇ ਹਨ। ਇਹੋ ਵਜ੍ਹਾ ਹੈ ਕਿ ਉਹ ਇਕ ਪਾਸੇ 'ਕੀਪੇ' ਨੂੰ ਵਿਦਿਆਰਥੀ ਤੋਂ ਪਾਲ਼ੀ ਬਣਾ ਕੇ ਉਸ ਨੂੰ ਸਜਾ ਦੇਣਾ ਤੇ ਦੂਜੇ ਪਾਸੇ ਉਹ ਕੀਪੇ ਦੇ ਪੜ੍ਹ-ਲਿਖ ਕੇ ਅਫ਼ਸਰ ਬਨਣ ਦੇ ਸੁਪਨੇ ਨੂੰ ਮਿੱਟੀ ਵਿਚ ਮਿਲਾਉਣਾ ਚਾਹੁੰਦੇ ਹਨ। ਇਸ ਕਰਕੇ ਜੈਲਦਾਰ ਤੇ ਨੰਬਰਦਾਰ ਬੱਚਿਆਂ ਦੀ ਆਪਸੀ ਲੜਾਈ ਨੂੰ ਦਲਿਤਾਂ ਤੇ ਜੱਟਾਂ ਦੀ ਲੜਾਈ ਦਾ ਰੂਪ ਦੇ ਕੇ ਨਾ-ਕੇਵਲ ਜ਼ਾਤ ਆਧਾਰਿਤ ਟਕਰਾਅ ਵਿਚ ਤਬਦੀਲ ਕਰਦੇ ਹਨ ਸਗੋਂ ਪਿੰਡ ਨੂੰ ਦਲਿਤਾਂ ਤੇ ਜੱਟਾਂ ਦੇ ਦੋ ਧੜਿਆਂ ਵਿਚ ਵੰਡ ਦਿੰਦੇ ਹਨ। ਇਸੇ ਟਕਰਾਅ ਵਿਚੋਂ ਦਬਾਅ ਪੈਦਾ ਕਰਕੇ 'ਕੀਪੇ' ਦੇ ਪਿਉ 'ਪਰੀਤੂ' ਨੂੰ ਮਜ਼ਬੂਰ ਕੀਤਾ ਜਾਂਦਾ ਹੈ ਕਿ ਉਹ 'ਕੀਪੇ' ਨੂੰ ਸਕੂਲੋਂ ਹਟਾ ਕੇ ਜੈਲਦਾਰ ਦੇ ਡੰਗਰਾਂ ਦਾ ਪਾਲ਼ੀ ਲਾ ਦੇਵੇ :

*ਭਰਪੂਰ : ਤੂੰ ਐਂ ਕਰ ਆਪਣੇ ਮੁੰਡੇ ਨੂੰ ਪੜ੍ਹਨੋਂ ਹਟਾ ਕੇ ਜੈਲਦਾਰ ਨਾਲ ਡੰਗਰਾਂ ਦਾ ਪਾਲ਼ੀ ਰਲ਼ਾ ਦੇ, ਨਾਲ਼ੇ ਤਾਂ ਤੇਰੀ ਜੂਨ ਸੌਖੀ ਹੋਜੂ, ਨਾਲੇ ਆਪਣਾ ਝਗੜਾ ਨਿਬੜੂ। (ਸੋਗੀ ਧੁੰਨ ਵੱਜਦੀ ਹੈ)*

*ਗੋਪੂ : ਹਾਂ ਪਰੀਤੂ, ਗੱਲ ਤੈਥੋਂ ਹੀ ਸ਼ੁਰੂ ਹੋਈ ਸੀ ਤੇਰੇ 'ਤੇ ਈ ਨਿਬੜੂ।*

*ਪਰੀਤੂ : ਦੇਖ ਲੋ ਭਰਾਵੋ, ਜਿਵੇਂ ਥੋਨੂੰ ਠੀਕ ਲਗਦੈ।[11]*

ਇਉਂ 'ਪਰੀਤੂ' ਕੋਈ ਪੇਸ਼ ਨਾ ਜਾਂਦੀ ਵੇਖ ਕੇ 'ਕੀਪੇ' ਨੂੰ ਮਜ਼ਬੂਰਨ ਸਕੂਲੋਂ ਹਟਾ ਕੇ ਜੈਲਦਾਰ ਦੇ ਡੰਗਰਾਂ ਦਾ ਪਾਲ਼ੀ ਲਾ ਦਿੰਦਾ ਹੈ। ਸਪੱਸ਼ਟ ਹੈ, ਗ਼ਰੀਬ ਨੂੰ ਸਦਾ ਲਈ ਗ਼ਰੀਬ ਬਣਾਈ ਰੱਖਣ, ਆਪਣੇ ਲਈ ਸਸਤੀ ਲੇਬਰ ਦਾ ਜੁਗਾੜ ਕਰਨ ਅਤੇ ਪੀੜ੍ਹੀ ਦਰ ਪੀੜ੍ਹੀ ਬੰਧੂਆ-ਮਜ਼ਦੂਰ ਬਣਾਈ ਰੱਖਣ ਲਈ 'ਤੇਰੀ ਜੂਨ ਸੌਖੀ ਹੋਜੂ' ਵਰਗੀਆਂ ਮਿੱਥਾਂ ਘੜ੍ਹ ਕੇ ਕਿਰਤੀ ਜਮਾਤ ਦੇ ਵਿਵਹਾਰਕ ਜੀਵਨ ਵਿਚ ਸੰਚਾਰ ਦਿੱਤੀਆਂ ਜਾਂਦੀਆਂ ਹਨ। ਸਥਿੱਤੀ ਦੀ ਵਿਡੰਬਣਾ ਇਹ ਹੈ ਕਿ ਪਰੀਤੂ ਵਰਗੇ ਗ਼ਰੀਬ ਅਨਪੜ੍ਹ ਦਲਿਤ ਖੇਤ-ਮਜ਼ਦੂਰ ਇਨ੍ਹਾਂ ਮਿੱਥਾਂ ਪਿੱਛੇ ਲੁਕੇ ਯਥਾਰਥ ਨੂੰ ਸਮਝਣ ਤੋਂ ਅਸਮਰੱਥ ਰਹਿੰਦੇ ਹਨ ਤੇ ਪੀੜ੍ਹੀ ਦਰ ਪੀੜ੍ਹੀ ਹੱਡ ਭੰਨਵੀਂ ਮਿਹਨਤ ਕਰਕੇ ਵੀ ਕੰਗਾਲ ਦੇ ਕੰਗਾਲ ਰਹਿੰਦੇ ਹਨ। ਜੇਕਰ ਇਤਿਹਾਸਕ ਵਿਕਾਸ ਪ੍ਰਕਿਰਿਆ ਦੌਰਾਨ ਵਾਪਰੀਆਂ ਵੱਡੀਆਂ ਤਬਦੀਲੀਆਂ ਦੀ ਕੁੱਖ ਵਿਚੋਂ ਪਨਪੀ ਇਤਿਹਾਸਕ ਸਾਂਸਕ੍ਰਿਤਕ ਚੇਤਨਾ ਦੇ ਪ੍ਰਭਾਵ ਕਾਰਨ ਕੋਈ ਗ਼ਰੀਬ ਦਲਿਤ ਆਪਣੇ ਬੱਚਿਆਂ ਨੂੰ ਪੜ੍ਹਾ ਕੇ ਕੋਈ ਸਰਕਾਰੀ ਨੌਕਰੀ ਲੈਣ ਦਾ ਤਰੱਦਦ ਕਰਦਾ ਹੈ ਤਾਂ ਜੈਲਦਾਰ, ਨੰਬਰਦਾਰ ਅਤੇ ਡੀ. ਪੀ. ਈ. ਵਰਗੇ ਅਧਿਆਪਕ ਆਪਣੀ ਸੰਕੀਰਨ ਸੋਚ ਤੇ ਨਿੱਜੀ ਹਿੱਤ ਪੂਰਤੀ ਲਈ ਉਨ੍ਹਾਂ ਦੇ ਰਾਹ ਦਾ ਰੋੜਾ ਬਣ ਜਾਂਦੇ ਹਨ।

ਕੀਪੇ ਦੀ ਲਗਨ ਤੇ ਇਰਾਦੇ ਦੀ ਦ੍ਰਿੜਤਾ ਦਾ ਪ੍ਰਤਾਪ ਏਨਾ ਹੈ ਕਿ ਉਹ ਆਪਣੇ ਪਿਓ ਦੀਆਂ ਮਿੰਨਤਾਂ ਕਰਕੇ ਜੈਲਦਾਰ ਦੇ ਪਾਲ਼ੀ ਤੋਂ ਹਟ ਕੇ ਸਕੂਲ ਜਾਣ ਦੀ ਜਿੱਦ ਕਰਦਾ ਹੈ ਤੇ ਕਹਿੰਦਾ ਹੈ ਕਿ ਉਹ ਪੜ੍ਹ ਕੇ ਕੋਈ ਸਰਕਾਰੀ

ਅਫਸਰ ਬਣ ਕੇ ਘਰ ਦੀ ਗ਼ਰੀਬੀ ਤੇ ਕੰਗਾਲੀ ਨੂੰ ਦੂਰ ਕਰ ਦੇਵੇਗਾ। ਉਸ ਦਾ ਪਿਓ ਉਸ ਨੂੰ ਜੈਲਦਾਰ ਦੇ ਪਾਲ਼ੀ ਵਾਲੇ ਕੰਮ ਤੋਂ ਹਟਾ ਕੇ ਸਕੂਲ ਭੇਜਦਾ ਹੈ ਪ੍ਰੰਤੂ ਕੀਪੇ ਦਾ ਦੁਬਾਰਾ ਸਕੂਲ ਲੱਗਣਾ ਜੈਲਦਾਰ, ਨੰਬਰਦਾਰ ਤੇ ਡੀ.ਪੀ.ਈ. ਦੀ ਜੁੰਡਲੀ ਨੂੰ ਚੰਗਾ ਨਹੀਂ ਲੱਗਦਾ, ਉਹ ਹਰ ਹਾਲਤ ਵਿੱਚ ਕੀਪੇ ਨੂੰ ਪੜ੍ਹਨ ਤੋਂ ਰੋਕਣਾ ਚਾਹੁੰਦੇ ਹਨ। ਇਹੋ ਵਜ੍ਹਾ ਹੈ ਕਿ ਜਦੋਂ ਕੀਪਾ ਜੈਲਦਾਰ ਦਾ ਕੰਮ ਛੱਡ ਕੇ ਸਕੂਲ ਆਉਂਦਾ ਹੈ ਤਾਂ ਡੀ.ਪੀ.ਈ. ਵਰਦੀ ਦਾ ਬਹਾਨਾ ਬਣਾ ਕੇ ਉਸ ਨੂੰ ਬੇਤਹਾਸ਼ਾ ਕੁੱਟਦਾ ਹੈ ਤੇ ਸਕੂਲੋਂ ਭੱਜ ਜਾਣ ਲਈ ਕਹਿੰਦਾ ਹੈ:

*ਡੀ.ਪੀ.ਈ. : (ਪੂਰੇ ਗੁੱਸੇ ਨਾਲ) ਤੂੰ ਵਰਦੀ ਨਹੀਂ ਪਾ ਕੇ ਆਇਆ ਉਏ?*

*ਕੀਪਾ : ਜੀ ਮੈਂ ਹਟ ਗਿਆ ਤੀ, ਖ਼ਾਸੇ ਦਿਨਾਂ ਬਾਹਦੋਂ ਅੱਜ ਪਹਿਲੇ ਦਿਨ ਸਕੂਲ ਆਇਆਂ...*

*ਡੀ.ਪੀ.ਈ. : ਅਕੇ ਪਹਿਲੇ ਦਿਨ ਸਕੂਲ ਆਇਆਂ... ਉਏ ਹੁਣ ਤੈਨੂੰ ਅਸੀਂ ਮੇਲ਼ਾ ਪਾ ਕੇ ਲਿਆਏਆਂ... ਜਦੋਂ ਜੀ ਕਰਦੈ ਘਰੇ ਬੈਠ ਜਾਨੇ ਓਂ, ਜਦੋਂ ਜੀ ਕਰਦੈ ਚੱਕ ਕੇ ਬਸਤਾ ਸਕੂਲ ਆ ਵੜਦੇ ਓਂ.. ਘਰ ਦਾ ਰਾਜ ਬਣਾ ਰੱਖਿਐ (ਕਾੜ ਕਰਕੇ ਚਪੇੜ ਮੂੰਹ 'ਤੇ ਵੱਜਦੀ ਐ) ਜਾ ਭੱਜ ਜਾ ਇੱਥੋਂ.. ਜਿੱਦੇਂ ਵਰਦੀ ਹੋਈ, ਉਦਣ ਸਕੂਲ 'ਚ ਵੜੀਂ। ਕੰਜਰਾਂ ਦੀ ਕਮਜਾਤ ਵਜ਼ੀਫੇ ਲੈਣ ਖਾਤਰ ਦਾਖਲੇ ਭਰ ਦਿੰਦੀ ਐ।* [12]

ਸਪੱਸ਼ਟ ਹੈ, ਜਾਤੀਵਾਦੀ ਹਉਂ 'ਚ ਗ੍ਰੱਸੇ ਹੋਏ ਜੈਲਦਾਰ, ਨੰਬਰਦਾਰ ਤੇ ਡੀ.ਪੀ.ਈ. ਵਰਗੇ ਅਖੌਤੀ ਉੱਚ ਜਾਤੀ ਅਧਿਆਪਕ ਨਹੀਂ ਚਾਹੁੰਦੇ ਕਿ ਪੰਜਾਬ ਦੇ ਪਿੰਡਾਂ ਵਿੱਚ ਵੱਸਦੇ ਦਲਿਤਾਂ ਦੇ ਬੱਚੇ ਪੜ੍ਹ ਲਿਖ ਕੇ ਕਿਸੇ ਸਰਕਾਰੀ ਨੌਕਰੀ 'ਤੇ ਲੱਗ ਜਾਣ। ਇਹੋ ਕਾਰਨ ਹੈ ਕਿ ਉਹ ਕੀਪੇ ਵਰਗੇ ਦਲਿਤ ਵਿਦਿਆਰਥੀਆਂ ਨੂੰ ਵਿਦਿਆ ਗ੍ਰਹਿਣ ਕਰਨ ਤੋਂ ਰੋਕਣ ਲਈ ਹਰ ਚਾਲ ਚਲਦੇ ਹਨ। ਦੂਜੇ ਪਾਸੇ ਕੀਪੇ ਵਰਗੇ ਸਿਰੜੀ ਦਲਿਤ ਵਿਦਿਆਰਥੀ ਹਰ ਹਾਲਤ ਵਿੱਚ ਪੜ੍ਹਨਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਸਿੱਖਿਆ ਹੀ ਉਨ੍ਹਾਂ ਦੀ ਗ਼ਰੀਬੀ ਤੇ ਕੰਗਾਲੀ ਨੂੰ ਕੱਟਣ ਦਾ ਇੱਕ ਮਾਤਰ ਸਾਧਨ ਹੈ। ਇਸ ਲਈ ਉਹ ਡੀ.ਪੀ.ਈ. ਵਰਗੇ ਅਧਿਆਪਕਾਂ ਦੀ ਕੁੱਟ ਅਤੇ ਜਾਤੀ ਸੂਚਕ ਸ਼ਬਦਾਂ ਦੇ ਤਿੱਖੇ ਬਾਣ ਸਹਿ ਕੇ ਵੀ ਪੜ੍ਹਾਈ ਜਾਰੀ ਰੱਖਦੇ ਹਨ। ਕੀਪਾ ਵੀ ਅਜਿਹਾ ਹੀ ਕਰਦਾ ਹੈ। ਉਹ ਹਰ ਤਰ੍ਹਾਂ ਦਾ ਵਿਤਕਰਾ ਤੇ ਕੁੱਟ ਸਹਿ ਕੇ ਪੜ੍ਹਾਈ ਤੇ ਖੇਡਾਂ ਵਿੱਚ ਬਰਾਬਰ ਭਾਗ ਲੈਂਦਾ ਹੈ। ਉਹ ਪੜ੍ਹਾਈ ਦੇ ਨਾਲ-ਨਾਲ ਸਕੂਲ ਦੀ ਕਬੱਡੀ ਟੀਮ ਦਾ ਵਧੀਆ ਖਿਡਾਰੀ ਵੀ ਬਣਦਾ ਹੈ। ਸਕੂਲ ਦੀ ਕਬੱਡੀ ਟੀਮ ਵਿਚ ਉਸ ਦੀ ਅਹਿਮ ਭੂਮਿਕਾ ਕਾਰਨ ਉਨ੍ਹਾਂ ਦੀ ਟੀਮ ਪੰਜਾਬ ਵਿੱਚੋਂ ਪਹਿਲੇ ਸਥਾਨ 'ਤੇ ਆਉਂਦੀ ਹੈ। ਜ਼ਿਲ੍ਹੇ ਦਾ ਡੀ.ਸੀ. ਸਾਰੇ ਖਿਡਾਰੀਆਂ ਨੂੰ ਮੈਡਲ ਦੇਣ ਲਈ ਸਕੂਲ ਵਿੱਚ ਰੱਖੇ ਸਨਮਾਨ ਸਮਾਰੋਹ ਵਿੱਚ ਸ਼ਾਮਿਲ ਹੁੰਦਾ ਹੈ। ਇਸ ਸਮਾਰੋਹ ਵਿੱਚ ਦੁਖਾਂਤ ਇਹ ਵਾਪਰਦਾ ਹੈ ਕਿ ਕੀਪੇ ਦੇ ਹੌਸਲੇ ਨੂੰ ਪਸਤ ਕਰਨ ਲਈ ਉਸ ਨੂੰ ਮਿਲਣ ਵਾਲਾ ਮੈਡਲ ਧੋਖੇ ਨਾਲ ਜੈਲਦਾਰ ਦੇ ਮੁੰਡੇ ਨੂੰ ਦੇ ਦਿੱਤਾ ਜਾਂਦਾ ਹੈ:

*ਸੂਤਰਧਾਰ (ਕੀਪਾ) : ... ਡੀ.ਸੀ. ਸਾਹਿਬ ਇਨਾਮ ਦੇਣ ਲਈ ਮੰਚ 'ਤੇ ਖੜ੍ਹੇ ਹੋ ਗਏ... ਸਟੇਜ ਸੈਕਟਰੀ ਇੱਕ ਇੱਕ ਕਰਕੇ ਨਾਂ ਬੋਲਦਾ*

*ਗਿਆ... ਮੇਰੇ ਸਾਥੀ ਭੱਜ ਭੱਜ ਕੇ ਮੈਡਲ ਗਲ਼ 'ਚ ਪਵਾਉਂਦੇ... ਜ਼ੋਰ ਜ਼ੋਰ ਦੀਆਂ ਤਾੜੀਆਂ ਵੱਜਦੀਆਂ... ਬਸ ਇੱਕੋ ਨਾਂ ਬਾਕੀ ਰਹਿ ਗਿਆ... ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ... ਮੈਂ ਸਟੇਜ ਨੂੰ ਭੱਜਣ ਦੀ ਤਿਆਰੀ ਵਿੱਚ ਸੀ ਕਿ ਅਚਾਨਕ ਇੱਕ ਬਿਜਲੀ ਡਿੱਗੀ ...ਮੇਰੇ ਨਾਂ ਦੀ ਥਾਂ ਜੈਲਦਾਰ ਦੇ ਮੁੰਡੇ ਦਾ ਨਾਂ ਮਾਈਕ ਉੱਤੇ ਬੋਲ ਦਿੱਤਾ ਗਿਆ... ਉਹਨੇ ਭੱਜ ਕੇ ਮੈਡਲ ਆਪਣੇ ਗਲ਼ 'ਚ ਪਵਾ ਲਿਆ... ਮੈਂ ਥਾਏਂ ਸੁੰਨ ਹੋ ਗਿਆ... ਮੈਨੂੰ ਆਪਣੇ ਭਵਿੱਖ ਦੇ ਸਾਰੇ ਸੁਪਨੇ ਚੂਰ-ਚੂਰ ਹੁੰਦੇ ਜਾਪੇ... ਮੈਨੂੰ ਲੱਗਾ ਕਿ ਜੈਲਦਾਰ ਤੇ ਉਸ ਦਾ ਮੁੰਡਾ ਜਿੰਨ ਬਣ ਕੇ ਮੇਰੀ ਕਿਸਮਤ ਨੂੰ ਨਿਗਲ ਰਹੇ ਹੋਣ...।* [13]

ਜ਼ਾਹਿਰ ਹੈ, ਜੈਲਦਾਰ ਵਰਗੇ ਧਨੀ ਕਿਸਾਨ ਉੱਚ ਜਾਤੀ ਹੈਂਕੜ ਵਿੱਚ ਗ੍ਰਸੇ ਕਿਸੇ ਵੀ ਕੀਮਤ 'ਤੇ 'ਕੀਪੇ' ਵਰਗੇ ਸਿਰੜੀ ਦਲਿਤ ਵਿਦਿਆਰਥੀ ਨੂੰ ਅੱਗੇ ਵਧਣ ਤੋਂ ਰੋਕਣ ਲਈ ਹਰ ਯਤਨ ਕਰਦੇ ਹਨ। ਉਹ ਨਹੀਂ ਚਾਹੁੰਦੇ ਕਿ 'ਕੀਪੇ' ਵਰਗੇ ਪੜ੍ਹਾਈ ਵਿੱਚ ਹੁਸ਼ਿਆਰ ਤੇ ਖੇਡਾਂ ਵਿੱਚ ਨਿਪੁੰਨ ਦਲਿਤ ਵਿਦਿਆਰਥੀ ਉਨ੍ਹਾਂ ਵੱਲੋਂ ਬੁਣੇ ਕੰਗਾਲੀ ਦੇ ਜਾਤੀਵਾਦੀ ਜਲਾਲਤ ਦੇ ਮੱਕੜ ਜਾਲ ਵਿੱਚੋਂ ਨਿਕਲ ਕੇ ਗੌਰਵਮਈ ਜੀਵਨ ਗੁਜ਼ਾਰ ਸਕਣ। ਨਾਟਕ ਸੰਚਾਰ ਕਰਦਾ ਹੈ ਕਿ ਨਾ-ਕੇਵਲ ਪੰਜਾਬ ਸਗੋਂ ਪੂਰੀ ਭਾਰਤੀ ਸਮਾਜ-ਸਭਿਆਚਾਰਕ ਸੰਰਚਨਾ ਵਿਚ 'ਕੀਪੇ' ਵਰਗੇ ਦਲਿਤ ਵਿਦਿਆਰਥੀਆਂ ਨੂੰ ਵਿਦਿਆ ਤੇ ਖੇਡਾਂ ਵੱਲੋਂ ਤੋੜ ਕੇ ਕੰਗਾਲੀ ਤੇ ਜਲਾਲਤ ਵਾਲੀ ਜੂਨ ਕੱਟਣ ਲਈ ਮਜ਼ਬੂਰ ਕਰ ਦਿੱਤਾ ਜਾਂਦਾ ਹੈ।

ਨਾਟਕ ਵਿਚ ਪੈਰਾਡਾਇਮ ਸ਼ਿਫਟ ਉਸ ਵੇਲੇ ਵਾਪਰਦੀ ਹੈ ਜਦੋਂ ਜੀਵਨ ਵਿਚ ਭੋਗੀਆਂ ਤੇ ਅੱਖੀਂ ਵੇਖੀਆਂ ਬੇਇਨਸਾਫੀਆਂ ਤੇ ਧੱਕੇਸ਼ਾਹੀਆਂ ਦੇ ਪ੍ਰਤੀਰੋਧ ਵਜੋਂ ਪੈਦਾ ਹੋਈ ਚੇਤਨਾ ਕੀਪੇ ਨੂੰ ਖੇਤ-ਮਜ਼ਦੂਰਾਂ ਤੇ ਨਿਮਨ-ਕਿਸਾਨਾਂ ਨੂੰ ਲਾਮਬੰਦ ਕਰਕੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜਥੇਬੰਦਕ ਸੰਘਰਸ਼ ਕਰਨ ਲਈ ਪ੍ਰੇਰਦੀ ਹੈ। ਇਸ ਪ੍ਰੇਰਣਾ ਤਹਿਤ 'ਕੀਪਾ' ਆਪਣੇ ਤੇ ਹੋਰ ਪਿੰਡਾਂ ਦੇ ਦਲਿਤ ਖੇਤ-ਮਜ਼ਦੂਰਾਂ ਤੇ ਨਿਮਨ-ਕਿਸਾਨਾਂ ਨੂੰ ਇਕੱਠੇ ਕਰਕੇ 'ਦਲਿਤ ਕਿਸਾਨ ਮੋਰਚਾ' ਬਣਾਉਂਦਾ ਹੈ ਤੇ ਉਸਦੀ ਅਗਵਾਈ ਕਰਦਾ ਹੈ। ਇਹ ਮੋਰਚਾ

ਧਨਾਢ ਕਿਸਾਨਾਂ, ਪੂੰਜੀਪਤੀ ਆੜਤੀਆਂ, ਭ੍ਰਿਸ਼ਟ ਅਫਸਰਾਂ ਤੇ ਸਿਆਸੀ ਲੀਡਰਾਂ ਦੇ ਸਾਂਝੇ ਸਿਆਸੀ ਗੱਠਜੋੜ ਵਿਰੁੱਧ ਜਥੇਬੰਦ ਹੋਣ ਲਈ ਜ਼ਮੀਨ ਤਿਆਰ ਕਰਦਾ ਹੈ। ਇਹ ਇਸ ਮੋਰਚੇ ਵਿੱਚ ਹੁੰਦੀ ਵਿਚਾਰ ਚਰਚਾ ਤੋਂ ਪੈਦਾ ਹੋਈ ਚੇਤਨਾ ਦਾ ਪ੍ਰਤਾਪ ਹੈ ਕਿ ਜਾਤਾਂ ਦੇ ਆਧਾਰ ’ਤੇ ਆਪਸ ਵਿੱਚ ਪਾਟੇ ਹੋਏ ਦਲਿਤ ਖੇਤ-ਮਜ਼ਦੂਰ ਤੇ ਨਿਮਨ-ਕਿਸਾਨ ਜਮਾਤੀ ਆਧਾਰ ’ਤੇ ਇੱਕੋ ਜਮਾਤ ਵਿੱਚ ਸ਼ਾਮਿਲ ਹੋ ਕੇ ਸੰਘਰਸ਼ ਕਰਨ ਲਈ ਨਾ-ਕੇਵਲ ਲਾਮਬੰਦ ਹੁੰਦੇ ਹਨ ਸਗੋਂ ਆਪਣੀ ਵਿਰੋਧੀ ਜਮਾਤ ਦੀ ਪਛਾਣ ਕਰਕੇ ਉਸ ਦੇ ਕਪਟੀ ਚਿਹਰੇ ਤੋਂ ਨਕਾਬ ਵੀ ਲਾਉਂਦੇ ਹਨ :

> ਕੀਪਾ : ਸਾਡੇ ਹੱਕਾਂ ’ਤੇ ਡਾਕੇ ਮਾਰਨ ਵਾਲੇ ਤੁਸੀਂ ਤੇ ਜੈਲਦਾਰ ਵਰਗੇ ਲੋਕ ਓਂ।
>
> ਕੈਲਾ : ਸਾਨੂੰ ਸਪਰੇਹਾਂ ਪੀ ਕੇ ਮਰਨ ’ਤੇ ਮਜਬੂਰ ਕਰਨ ਵਾਲੇ ਵੀ ਤੁਸੀਂ ਤੇ ਜੈਲਦਾਰ ਵਰਗੇ ਲੋਕ ਓਂ।
>
> ਭੂਰਾ : ਸਾਨੂੰ ਉਂਗਲਾਂ ਲਾ ਕੇ ਆਪੋ ਵਿੱਚ ਲੜਾਉਣ ਵਾਲੇ ਵੀ ਤੁਸੀਂ ਤੇ ਜੈਲਦਾਰ ਵਰਗੇ ਲੋਕ ਓਂ।
>
> ਕੀਪਾ : ਹੁਣ ਸਾਨੂੰ ਏਨਾ ਕੁ ਤਾਂ ਪਤਾ ਲੱਗ ਈ ਗਿਆ ਕਿ ਇੱਕੋ ਜਾਤ ਦੇ ਹੁੰਦੇ ਹੋਏ ਵੀ ਤੇਰੇ ਤੇ ਜੈਲੇ ਵਿਚ ਕਿੰਨਾ ਫਰਕ ਐ?
>
> ਗੋਪੂ : ਹੁਣ ਸਾਨੂੰ ਇਹ ਵੀ ਪਤਾ ਲੱਗ ਗਿਆ ਕਿ ਅੱਡੋ ਅੱਡ ਜਾਤ ਦੇ ਹੁੰਦੇ ਹੋਏ ਵੀ ਜੈਲੇ ਤੇ ਕੀਪੇ ਵਿੱਚ ਕਿੰਨਾ ਕੁਛ ਮਿਲਦਾ ਹੈ।
>
> ਬਜ਼ੁਰਗ : ਹਾਂ ਜੈਲਦਾਰਾ... ਹੁਣ ਇਹ ਲੜਾਈ ਜੈਲਿਆਂ ਤੇ ਕੀਪਿਆਂ ਦੀ ਸਾਂਝੀ ਲੜਾਈ ਹੈ।
>
> ਕੀਪਾ : ਤੇ ਇਹ ਲੜਾਈ ਹੁਣ ਤੇਰੇ ਤੇ ਤੇਰੇ ਆਹ ਕੋਲੀ ਚੱਟਾਂ ਤੇ ਜਨਤਾ ਨੂੰ ਉੱਲੂ ਬਣਾਉਣ ਵਾਲੇ ਇਹੋ ਜਿਹੇ ਲੀਡਰਾਂ ਦੇ ਖਿਲਾਫ਼ ਹੈ। [14]

ਸਪੱਸ਼ਟ ਹੈ, ਦਲਿਤ ਤੇ ਦਮਿਤ ਵਰਗਾਂ ਵਿਚ ਪੈਦਾ ਹੋ ਰਹੀ ਚੇਤਨਾ ਕਿਸੇ ਵੱਡੀ ਤਬਦੀਲੀ ਨੂੰ ਜਨਮ ਦੇਵੇਗੀ। ਇਹ ਤਬਦੀਲੀ ਪ੍ਰੋਲੇਤਾਰੀ ਜਮਾਤ ਦੇ ਸੰਕਟਾਂ ਦਾ ਹੱਲ ਭਵਿੱਖ ਵਿਚ ਕਰਨ ਦੀਆਂ ਸੰਭਾਵਨਾਵਾਂ ਨਾਲ ਭਰੀ ਹੋਈ ਹੈ। ਇਸੇ ਤਬਦੀਲੀ ਨੂੰ ਕਿਸ਼ਨ ਸਿੰਘ ਸਭਿਆਚਾਰਕ ਇਨਕਲਾਬ ਵਜੋਂ ਵੇਖਦੇ ਹੋਏ ਲਿਖਦੇ ਹਨ ਕਿ,

> *ਕਾਬਜ਼ ਨਿਜ਼ਾਮ ਦੇ ਵਿਰੁੱਧ ਇਨਕਲਾਬੀ ਤੌਰ ’ਤੇ ਉੱਠ ਰਹੀ ਜਮਾਤ ਵਾਸਤੇ ਵਿਚਾਰਧਾਰਕ ਜਦੋ-ਜਹਿਦ ਕਲਚਰਲ ਇਨਕਲਾਬ ਹੈ।* [15]

ਇਸ ਤਰ੍ਹਾਂ ਇਸ ਨਾਟਕ ਦੇ ਦਲਿਤ ਤੇ ਦਮਿਤ ਪਾਤਰਾਂ ਵੱਲੋਂ ਸਾਂਝੇ ਹਿੱਤਾਂ ਲਈ ਲਾਮਬੰਦ ਹੋਣਾ ਅਤੇ ਕਾਬਜ਼ ਜਮਾਤ ਵਿਰੁੱਧ ਲੜਨ ਲਈ ਤਿਆਰੀ ਕਰਨਾ ਕਿਸੇ ਸਭਿਆਚਾਰਕ ਇਨਕਲਾਬ ਤੋਂ ਘੱਟ ਨਹੀਂ। ਇਉਂ ਇਹ ਨਾਟਕ ਧਨੀ ਕਿਸਾਨਾਂ, ਪੂੰਜੀਪਤੀ ਆੜ੍ਹਤੀਆਂ ਅਤੇ ਰਾਜਸੀ ਲੀਡਰਾਂ ਦੀ ਬੁਰਜ਼ਵਾ ਜਮਾਤ ਦੀਆਂ ਕੂਟਨੀਤਿਕ ਚਾਲਾਂ ਅਤੇ ਜਾਤ ਅਧਾਰਤ ਫੁੱਟ ਪਾਊ ਨੀਤੀਆਂ ਦਾ ਪਰਦਾ ਫਾਸ਼ ਕਰਦਾ ਹੋਇਆ ਨਾ-ਕੇਵਲ ਦਲਿਤ ਤੇ ਦਮਿਤ ਵਰਗਾਂ ਦੀ ਪਰੋਲੇਤਾਰੀ ਜਮਾਤ ਵਿੱਚ ਪੈਦਾ ਹੋ ਰਹੀ ਜਮਾਤੀ ਚੇਤਨਾ ਦੀਆਂ ਅਗਲੇਰੀਆਂ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਕਰਦਾ ਹੈ ਸਗੋਂ ਦਲਿਤ ਤੇ ਦਮਿਤ ਚੇਤਨਾ ਵਿੱਚ ਅੰਤਰ-ਸੰਵਾਦ ਵੀ ਸਿਰਜਦਾ ਹੈ। ਦਲਿਤ ਤੇ ਦਮਿਤ ਚੇਤਨਾ ਦੇ ਅੰਤਰ-ਸੰਵਾਦ ਵਿੱਚੋਂ ਪੈਦਾ ਹੋਈ ਜਮਾਤੀ ਚੇਤਨਾ ਨਾ-ਕੇਵਲ ਇਹਨਾਂ ਵਰਗਾਂ ਦੀ ਆਰਥਿਕ ਤੇ ਸਮਾਜਿਕ ਸਮਰਿੱਧੀ ਦਾ ਆਧਾਰ ਸਿਰਜ ਸਕਦੀ ਹੈ ਸਗੋਂ ਵਡੇਰੀਆਂ ਸੰਭਾਵਨਾਵਾਂ ਦੀ ਜਣਨੀ ਵੀ ਬਣ ਸਕਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. *ਦੀਪ, ਕੁਲਦੀਪ ਸਿੰਘ (ਡਾ.), (2016), ਭੁੱਬਲ ਦੀ ਅੱਗ, ਅਦਬੀ ਪਰਵਾਜ਼ ਪ੍ਰਕਾਸ਼ਨ, ਮਾਨਸਾ, ਪੰਨਾ: 92*
2. *ਗੁਰਭਗਤ ਸਿੰਘ (ਡਾ.),(2010), ਵਿਸਮਾਦੀ ਪੂੰਜੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਨਾ: 96*
3. *ਵਰਮਾ, ਸਤੀਸ਼ ਕੁਮਾਰ (ਡਾ.), (2016) ਭੁੱਬਲ ਦੀ ਅੱਗ, ਅਦਬੀ ਪਰਵਾਜ਼ ਪ੍ਰਕਾਸ਼ਨ, ਮਾਨਸਾ, ਪੰਨਾ: 07*
4. *ਵਿਨੋਦ, ਟੀ. ਆਰ. (ਡਾ.) (1990), ਪੰਜਾਬੀ ਨਾਵਲ: ਸੰਸਕ੍ਰਿਤਿਕ ਅਧਿਐਨ, ਲੋਕਗੀਤ ਪ੍ਰਕਾਸ਼ਨ, ਸਰਹਿੰਦ, ਪੰਨਾ: 117*
5. *ਹੁੰਦਲ, ਰਾਜਵਿੰਦਰ ਕੌਰ, (ਡਾ.) (2015), ਪੰਜਾਬੀ ਨਾਵਲ ਵਿਚ ਪੰਜਾਬ ਦਾ ਸਭਿਆਚਾਰਕ ਸੰਕਟ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 13*
6. *ਦੀਪ, ਕੁਲਦੀਪ ਸਿੰਘ (ਡਾ.), (2016), ਭੁੱਬਲ ਦੀ ਅੱਗ, ਅਦਬੀ ਪਰਵਾਜ਼ ਪ੍ਰਕਾਸ਼ਨ, ਮਾਨਸਾ, ਪੰਨਾ: 94*
7. *ਪਾਲੀ, ਭੁਪਿੰਦਰ ਸਿੰਘ (ਡਾ.), (2009), ਨਾਟਕ ਅਤੇ ਨਾਟ-ਚਿੰਤਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ: 100*
8. *ਦੀਪ, ਕੁਲਦੀਪ ਸਿੰਘ (ਡਾ.), (2016), ਭੁੱਬਲ ਦੀ ਅੱਗ, ਅਦਬੀ ਪਰਵਾਜ਼ ਪ੍ਰਕਾਸ਼ਨ, ਮਾਨਸਾ, ਪੰਨਾ: 20*

9. ਜਸਵਿੰਦਰ ਸਿੰਘ (ਡਾ.), (2012), ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਗ੍ਰੇਸੀਅਸ ਬੁਕਸ, ਪਟਿਆਲਾ, ਪੰਨਾ: 57
10. ਦੀਪ, ਕੁਲਦੀਪ ਸਿੰਘ (ਡਾ.), (2016), ਭੁੱਬਲ ਦੀ ਅੱਗ, ਅਦਬੀ ਪਰਵਾਜ਼ ਪ੍ਰਕਾਸ਼ਨ, ਮਾਨਸਾ, ਪੰਨਾ: 24
11. -ਉਹੀ-, ਪੰਨਾ: 37
12. -ਉਹੀ-, ਪੰਨਾ: 40
13. -ਉਹੀ-, ਪੰਨਾ: 44
14. -ਉਹੀ-, ਪੰਨੇ: 86-88
15. ਕਿਸ਼ਨ ਸਿੰਘ (ਡਾ.), (1987), ਕਲਚਰਲ ਇਨਕਲਾਬ, ਲੋਕਗੀਤ ਪ੍ਰਕਾਸ਼ਨ, ਸਰਹਿੰਦ, ਪੰਨਾ:31

***Cite this Article-***

ਡਾ. ਹਰਜਿੰਦਰ ਸਿੰਘ (Dr. Harjinder Singh) & ਗੁਰਜਿੰਦਰ ਕੌਰ (Gurjinder Kaur), ਦਲਿਤ ਤੇ ਦਮਿਤ ਚੇਤਨਾ ਦਾ ਅੰਤਰ-ਸੰਵਾਦ: ਭੁੱਬਲ ਦੀ ਅੱਗ (DALIT TE DAMIT CHETANA DA ANTAR-SAMVAD: BHUBAL DI AAG), *ਅਰਮਾਨ (ARMAAN), ISSN: 2583-9446 (O), Volume 3, Issue 3, July-September 2025, Page: 148-155.*

***Journal URL:*** www.armaan.org.in

***DOI:*** https://doi.org/10.64119/armaan.vol.3.issue3.23

*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*